ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਸੋਮਵਾਰ, 30 ਸਤੰਬਰ 2024 (ਨਾਨਕਸ਼ਾਹੀ ਸੰਮਤ : ੫੫੬, ੧੫ ਅੱਸੂ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243

## ਅਮਰੀਕਾ ਦੇ ਪਤਵੰਤੇ ਸਿੱਖਾਂ ਵੱਲੋਂ ਜਥੇਦਾਰ ਦਾਦੂਵਾਲ ਜੀ ਨਾਲ

# ਗੁਰਸਿੱਖੀ ਨੂੰ ਪ੍ਰਫੁੱਲਿਤ ਕਰਨ ਲਈ ਵਿਚਾਰ ਵਟਾਂਦਰਾ ਅਤੇ ਕੀਤਾ ਸਨਮਾਨਿਤ

### ਸਿੱਖ ਸੰਸਥਾਵਾਂ ਦੇ ਨੁਮਾਇੰਦਿਆ ਵਲੋਂ ਜਥੇਦਾਰ ਦਾਦੂਵਾਲ ਜੀ ਦਾ ਪੰਥਕ ਮਸਲਿਆਂ ਉਪਰ ਹਮੇਸ਼ਾ ਅਵਾਜ ਬੁਲੰਦ ਕਰਨ ਲਈ ਵਿਸ਼ੇਸ਼ ਧੰਨਵਾਦ ਕੀਤਾ





**ਨਿਊਯਾਰਕ, 29 ਸਤੰਬਰ (ਆਵਾਜ਼ਿ ਕੌਮ ਬਿਊਰੋ)-** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਮੌਜੂਦਾ ਧਰਮ ਪ੍ਰਚਾਰ ਦੇ ਚੇਅਰਮੈਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਨਾਲ ਸਿੱਖੀ ਨੂੰ ਦੇਸ਼ ਵਿਦੇਸ਼ ਵਿੱਚ ਪ੍ਰਫੁੱਲਤ ਕਰਨ ਵਾਸਤੇ ਅਮਰੀਕਾ ਨਿਊ ਯਾਰਕ ਦੇ ਪਤਵੰਤੇ ਸਿੱਖਾਂ ਨੇ ਵਿਸੇਸ਼ ਮੁਲਾਕਾਤ ਕੀਤੀ ਅਤੇ ਸਨਮਾਨਿਤ ਕੀਤਾ ਦੇਸ ਵਿਦੇਸ਼ ਵਿੱਚ ਸਿੱਖਾਂ ਨੂੰ ਆਉਂਦੀਆਂ ਮੁਸ਼ਿਕਲਾਂ ਬਾਰੇ ਵਿਚਾਰ ਵਟਾਂਦਰਾ ਵੀ ਕੀਤਾ ਗਿਆ ਜਥੇਦਾਰ ਦਾਦੂਵਾਲ ਜੀ ਨੇ ਕਿਹਾ ਕੇ ਦੇਸ਼ ਵਿਦੇਸ਼ ਵਿੱਚ ਸਿੱਖ ਪੰਥ ਦੀਆਂ ਨੁੰਮਾਇੰਦਾ ਜਥੇਬੰਦੀਆ ਸਬੰਧਤ ਸਰਕਾਰਾਂ ਨਾਲ ਗੱਲਬਾਤ ਕਰਕੇ ਸਿੱਖਾਂ ਨੂੰ ਆਉਂਦੀਆਂ ਮੁਸ਼ਿਕਲਾਂ ਦੇ ਹੱਲ ਵਾਸਤੇ ਹਮੇਸ਼ਾ ਯਤਨਸ਼ੀਲ ਹਨ ਅਤੇ ਗੱਲਬਾਤ ਕਰਕੇ ਬਹੁਤੀਆਂ ਮੁਸ਼ਿਕਲਾਂ ਦਾ ਹੱਲ ਕੱਢ ਵੀ ਲਿਆ ਜਾਂਦਾ ਹੈ ਸਿੱਖ ਸੰਸਥਾਵਾਂ ਦੇ ਨੁਮਾਇੰਦਿਆ ਵਲੋਂ ਜਥੇਦਾਰ ਦਾਦੂਵਾਲ ਜੀ ਦਾ ਪੰਥਕ ਮਸਲਿਆਂ ਉਪਰ ਹਮੇਸ਼ਾ ਅਵਾਜ ਬੁਲੰਦ ਕਰਨ ਲਈ ਵਿਸ਼ੇਸ਼ ਧੰਨਵਾਦ ਕੀਤਾ ਜਥੇਦਾਰ ਦਾਦੂਵਾਲ ਜੀ ਨਾਲ ਮੁਲਾਕਾਤ ਕਰਨ ਵਾਲਿਆਂ ਵਿੱਚ ਸੰਤ ਪ੍ਰੇਮ ਸਿੰਘ ਸੁਸਾਇਟੀ ਨਿਊਯਾਰਕ,ਸਿੱਖ ਕਲਚਰਲ ਸੁਸਾਇਟੀ ਨਿਊਯਾਰਕ,ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਸਪੋਕਸਮੈਨ ਸਿੱਖ ਕਮਿਊਨਿਟੀ ਕੌਂਸਲ ਅਮਰੀਕਾ,ਸ.ਹਰਬੰਸ ਸਿੰਘ ਢਿੱਲੋਂ,ਪ੍ਰਧਾਨ ਅਮਰੀਕ ਸਿੰਘ ਪਿਹੋਵਾ,ਪ੍ਰਧਾਨ ਜਸਵਿੰਦਰ ਸਿੰਘ ਜੱਸੀ,ਮੀਡੀਆ ਇੰਚਾਰਜ ਬਲਵਿੰਦਰ ਸਿੰਘ ਗੁਰਦਾਸਪੁਰ,ਬਾਊ ਜੋਗਿੰਦਰ ਸਿੰਘ,ਸ.ਮਨਮੋਹਨ ਸਿੰਘ,ਜਰਨਲ ਸਕੱਤਰ ਜਗੀਰ ਸਿੰਘ ਖਲੀਲ,ਜਥੇਦਾਰ ਚਰਨ ਸਿੰਘ ਪ੍ਰੇਮਪੁਰਾ ਪ੍ਰਧਾਨ ਐਨ ਆਰ ਆਈ ਵਿੰਗ,ਸ.ਲਖਵਿੰਦਰ ਸਿੰਘ ਚੀਮਾ ਗੁਰਦੁਆਰਾ ਸਿੱਖ ਸੈਂਟਰ ਵੀ ਹਾਜ਼ਰ ਸਨ।




## ਪੰਜਾਬ 'ਚ ਜਾਅਲੀ ਡਿਗਰੀਆਂ ਬਣਾਉਣ ਵਾਲੇ ਰੈਕੇਟ ਦਾ ਪਰਦਾਫ਼ਾਸ਼, ਫਰਜ਼ੀ ਡਿਗਰੀਆਂ ਸਣੇ 2 ਗ੍ਰਿਫ਼ਤਾਰ

**ਜਲੰਧਰ, 29 ਸਤੰਬਰ (ਆਵਾਜ਼ਿ ਕੌਮ ਬਿਊਰੋ)-** ਜਲੰਧਰ ਸਿਟੀ ਪੁਲਸ ਨੇ ਫਰਜ਼ੀ ਡਿਗਰੀ ਬਣਾਉਣ ਵਾਲੇ ਗਿਰੋਹ ਦਾ ਪਰਾਫ਼ਾਸ਼ ਕੀਤਾ ਹੈ। ਪੁਲਸ ਨੇ ਇਸ ਮਾਮਲੇ ਵਿਚ ਮਾਸਟਰਮਾਈਂਡ ਅਤੇ ਉਸ ਦੇ ਸਾਥੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਦੋਸ਼ੀਆਂ ਕੋਲੋਂ ਪੁਲਸ ਨੇ 196 ਫਰਜ਼ੀ ਡਿਗਰੀ, 53 ਸਟਾਂਪ, 6 ਲੈਪਟਾਪ, 3 ਪ੍ਰਿੰਟਰ, ਇਕ ਸਟਾਂਪ ਮਸ਼ੀਨ ਅਤੇ 8 ਮੋਬਾਇਲ ਫੋਨ ਬਰਾਮਦ ਕੀਤੇ ਗਏ ਹਨ। ਦੋਸ਼ੀਆਂ ਨੂੰ ਜਲਦੀ ਅਦਾਲਤ ਵਿਚ ਪੇਸ਼ ਕਰਕੇ ਰਿਮਾਂਡ 'ਤੇ ਲੈ ਕੇ ਪੁੱਛਗਿੱਛ ਕੀਤੀ ਜਾਵੇਗੀ। ਦੋਸ਼ੀਆਂ ਗ੍ਰਿਫ਼ਤਾਰੀ ਥਾਣਾ ਸਦਰ ਦੀ ਚੌਂਕੀ ਜਲੰਧਰ ਹਾਈਟਸ ਦੀ ਪੁਲਸ ਵੱਲੋਂ ਕੀਤੀ ਗਈ ਹੈ। ਜਾਣਕਾਰੀ ਮੁਤਾਬਕ ਸ਼ਨੀਵਾਰ ਦੇਰ ਰਾਤ ਚੌਂਕੀ ਜਲੰਧਰ ਹਾਈਟਸ ਦੇ ਇੰਚਾਰਜ ਗੁਰਵਿੰਦਰ ਸਿੰਘ ਵਿਰਕ ਨੂੰ ਸੂਚਨਾ ਮਿਲੀ ਸੀ ਕਿ ਦੋਵੇਂ ਦੋਸ਼ੀ ਉਨ੍ਹਾਂ ਦੇ ਇਲਾਕੇ 'ਚ ਹਨ ਅਤੇ ਜਾਅਲੀ ਡਿਗਰੀਆਂ ਬਣਾਉਣ ਦਾ ਧੰਦਾ ਕਰ ਰਹੇ ਹਨ। ਵਿਰਕ ਨੇ ਆਪਣੇ ਉੱਚ ਅਧਿਕਾਰੀਆਂ ਨੂੰ ਸੂਚਿਤ ਕੀਤਾ ਅਤੇ ਤੁਰੰਤ ਆਪਣੀ ਟੀਮ ਨਾਲ ਛਾਪੇਮਾਰੀ ਕਰਕੇ ਦੋਵਾਂ ਮੁਲਜ਼ਮਾਂ ਨੂੰ ਕਾਬੂ ਕਰ ਲਿਆ। ਜਦੋਂ ਮੁਲਜ਼ਮਾਂ ਨੂੰ ਥਾਣੇ ਲਿਆ ਕੇ ਪੁੱਛਗਿੱਛ ਸ਼ੁਰੂ ਕੀਤੀ ਗਈ ਤਾਂ ਮੁਲਜ਼ਮਾਂ ਕੋਲੋਂ 196 ਜਾਅਲੀ ਡਿਗਰੀਆਂ ਬਰਾਮਦ ਹੋਈਆਂ। ਮੁਲਜ਼ਮ ਨੇ ਮੰਨਿਆ ਕਿ ਉਹ ਇੰਜਨੀਅਰਿੰਗ, ਮੈਡੀਕਲ ਅਤੇ ਮੈਨੇਜਮੈਂਟ ਸਮੇਤ ਕਈ ਕੋਰਸਾਂ ਲਈ ਫਰਜ਼ੀ ਡਿਗਰੀਆਂ ਤਿਆਰ ਕਰਦਾ ਸੀ।

ਇਹ ਘੋਟਾਲਾ ਪੰਜਾਬ, ਹਰਿਆਣਾ, ਰਾਜਸਥਾਨ ਅਤੇ ਯੂ.ਪੀ.ਸਮੇਤ ਕਈ ਰਾਜਾਂ ਵਿੱਚ ਚਲਾਇਆ ਗਿਆ। ਪੁਲਸ ਜਾਂਚ ਨੇ ਜਾਅਲੀ ਡਿਗਰੀ ਸਪਲਾਇਰਾਂ ਦੇ ਦੇਸ਼ ਵਿਆਪੀ ਨੈੱਟਵਰਕ ਦਾ ਖ਼ੁਲਾਸਾ ਕੀਤਾ।

## 'ਸੌਦਾ ਸਾਧ' ਨੂੰ ਫਿਰ ਪੈਰੋਲ ਦੇਣ ਦੀ ਤਿਆਰੀ !

# ਸਿਆਸੀ ਮੁਫਾਦਾਂ ਲਈ ਵਰਤਿਆ ਜਾ ਰਿਹਾ 'ਬਲਾਤਕਾਰੀ ਸਾਧ' ?

**ਚੰਡੀਗੜ੍ਹ, 29 ਸਤੰਬਰ (ਆਵਾਜ਼ਿ ਕੌਮ ਬਿਊਰੋ)-** ਹਰਿਆਣਾ ਚੋਣਾਂ ਦੌਰਾਨ ਸਾਧਵੀਆਂ ਦੇ ਜਿਨਸੀ ਸ਼ੋਸ਼ਣ ਅਤੇ ਹੱਤਿਆ ਦੇ ਮਾਮਲੇ ਵਿੱਚ 20 ਸਾਲ ਦੀ ਸਜ਼ਾ ਕੱਟ ਰਹੇ 'ਸੌਦਾ ਸਾਧ' ਨੇ ਸਰਕਾਰ ਤੋਂ ਐਮਰਜੈਂਸੀ ਪੈਰੋਲ ਦੀ ਮੰਗ ਕੀਤੀ ਹੈ। 'ਸੌਦਾ ਸਾਧ' ਨੇ ਜੇਲ੍ਹ ਵਿਭਾਗ ਨੂੰ ਅਰਜ਼ੀ ਦੇ ਕੇ 20 ਦਿਨਾਂ ਦੀ ਪੈਰੋਲ ਦੀ ਮੰਗ ਕੀਤੀ ਹੈ। ਇਸ ਦੌਰਾਨ ਉਸ ਨੇ ਉੱਤਰ ਪ੍ਰਦੇਸ਼ ਦੇ ਬਰਨਵਾ ਆਸ਼ਰਮ ਵਿੱਚ ਰਹਿਣ ਦੀ ਗੱਲ ਕਹੀ ਹੈ। ਯਾਦ ਕਰਵਾ ਦਈਏ ਕਿ ਰਾਮ ਰਹੀਮ 13 ਅਗਸਤ ਨੂੰ ਹੀ 21 ਦਿਨਾਂ ਲਈ ਫਰਲੋ 'ਤੇ ਬਾਹਰ ਆਇਆ ਸੀ। ਸਭ ਜਾਣੂ ਹਨ ਕਿ ਹਰਿਆਣਾ ਵਿਧਾਨ ਸਭਾ ਚੋਣਾਂ ਲਈ ਚੋਣ ਜ਼ਾਬਤਾ ਲਾਗੂ ਹੋ ਗਿਆ ਹੈ। ਇਸ ਕਾਰਨ ਸਰਕਾਰ ਨੇ 'ਸੌਦਾ ਸਾਧ' ਦੀ ਅਰਜ਼ੀ ਮੁੱਖ ਚੋਣ ਅਧਿਕਾਰੀ ਨੂੰ ਭੇਜੀ ਹੈ। ਮੁੱਖ ਚੋਣ ਅਧਿਕਾਰੀ ਨੇ ਸੂਬਾ ਸਰਕਾਰ ਨੂੰ ਪੱਤਰ ਲਿਖ ਕੇ ਪੈਰੋਲ ਸਬੰਧੀ ਸਵਾਲ ਪੁੱਛੇ ਹਨ। ਪੱਤਰ 'ਚ ਪੁੱਛਿਆ ਗਿਆ ਹੈ ਕਿ ਚੋਣਾਂ ਦੇ ਸਮੇਂ ਕਿਸੇ ਦੋਸ਼ੀ ਨੂੰ ਪੈਰੋਲ 'ਤੇ ਰਿਹਾਅ ਕਰਨਾ ਕਿੰਨਾ ਕੁ ਸਹੀ ਹੈ ? 'ਸੌਦਾ ਸਾਧ' ਇਸ ਸਮੇਂ ਹਰਿਆਣਾ ਦੇ ਰੋਹਤਕ ਦੀ ਸੁਨਾਰੀਆ ਜੇਲ੍ਹ ਵਿੱਚ ਬੰਦ ਹੈ। ਚੋਣ ਦੇ ਨਜ਼ਰੀਏ ਤੋਂ 'ਸੌਦਾ ਸਾਧ' ਦਾ ਹਰਿਆਣਾ ਦੇ ਸਿਰਸਾ, ਅੰਬਾਲਾ, ਕੁਰੂਕਸ਼ੇਤਰ ਅਤੇ ਹਿਸਾਰ ਜ਼ਿਲ੍ਹਿਆਂ ਵਿੱਚ ਕਾਫੀ ਦਬਦਬਾ ਹੈ। ਇਨ੍ਹਾਂ ਚਾਰ ਜ਼ਿਲ੍ਹਿਆਂ ਵਿੱਚ ਕਰੀਬ 36 ਵਿਧਾਨ ਸਭਾ ਸੀਟਾਂ ਹਨ। ਜ਼ਿਕਰ ਕਰ ਦਈਏ ਕਿ ਹਰਿਆਣਾ ਵਿੱਚ 5 ਅਕਤੂਬਰ ਨੂੰ ਵੋਟਾਂ ਪੈਣੀਆਂ ਹਨ। ਨਤੀਜੇ 8 ਅਕਤੂਬਰ ਨੂੰ ਐਲਾਨੇ ਜਾਣਗੇ। ਇਸ ਮੌਕੇ ਜੇਲ੍ਹ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਆਮ ਹਾਲਤਾਂ ਵਿੱਚ ਪੈਰੋਲ ਮੰਗਣ ਲਈ ਕਾਰਨ ਦੱਸਣ ਦੀ ਲੋੜ ਨਹੀਂ ਹੁੰਦੀ। ਐਮਰਜੈਂਸੀ ਪੈਰੋਲ ਲਈ ਸਿਰਫ ਕਾਰਨ ਦੇਣਾ ਜ਼ਰੂਰੀ ਹੈ। 'ਸੌਦਾ ਸਾਧ' ਦੀ ਸਾਲ 2024 'ਚ 20 ਦਿਨ ਦੀ ਪੈਰੋਲ ਬਾਕੀ ਹੈ। ਚੋਣ ਜ਼ਾਬਤੇ ਤਹਿਤ ਕਿਸੇ ਵੀ ਦੋਸ਼ੀ ਨੂੰ ਪੈਰੋਲ ਦੇਣ ਤੋਂ ਪਹਿਲਾਂ ਸਰਕਾਰ ਨੂੰ ਨਿਯਮਾਂ ਤਹਿਤ ਚੋਣ ਕਮਿਸ਼ਨ ਤੋਂ ਪੁੱਛਣਾ ਜ਼ਰੂਰੀ ਹੁੰਦਾ ਹੈ। ਨਿਯਮਾਂ ਮੁਤਾਬਕ ਜੇ ਸਰਕਾਰ ਨੂੰ ਲੱਗਦਾ ਹੈ ਕਿ ਸਜ਼ਾਯਾਫ਼ਤਾ ਅਪਰਾਧੀ ਨੂੰ ਪੈਰੋਲ 'ਤੇ ਰਿਹਾਅ ਕਰਨਾ ਜ਼ਰੂਰੀ ਹੈ, ਤਾਂ ਉਸ ਨੂੰ ਪੈਰੋਲ ਦੇਣ ਤੋਂ ਪਹਿਲਾਂ ਸੂਬੇ ਦੇ ਮੁੱਖ ਕਾਰਜਕਾਰੀ ਅਧਿਕਾਰੀ ਨਾਲ ਸਲਾਹ-ਮਸ਼ਵਰਾ ਕਰਨਾ ਜ਼ਰੂਰੀ ਹੈ।



## ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਨੇ ਨਵੀਂ ਸਿਆਸੀ ਪਾਰਟੀ ਬਣਾਉਣ ਦਾ ਕੀਤਾ ਐਲਾਨ

**ਅੰਮ੍ਰਿਤਸਰ, 29 ਸਤੰਬਰ (ਆਵਾਜ਼ਿ ਕੌਮ ਬਿਊਰੋ)-** ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਵੱਡਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਹੈ ਕਿ ਉਹ ਜਲਦੀ ਹੀ ਪੰਜਾਬ ਵਿੱਚ ਨਵੀਂ ਸਿਆਸੀ ਪਾਰਟੀ ਬਣਾਉਣਗੇ ਤੇ ਜਲਦੀ ਹੀ ਉਸ ਪਾਰਟੀ ਦੇ ਨਾਂਅ ਦਾ ਖ਼ੁਲਾਸਾ ਵੀ ਕਰਨਗੇ। ਉਨ੍ਹਾਂ ਇਹ ਵੀ ਕਿਹਾ ਕਿ ਉਹ ਐਸਜੀਪੀਸੀ ਚੋਣਾਂ ਲੜਨਗੇ। ਭਾਈ ਅੰਮ੍ਰਿਤਪਾਲ ਸਿੰਘ ਦਾ ਪਰਿਵਾਰ ਐਤਵਾਰ ਨੂੰ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਤੇ ਅਰਦਾਸ ਕਰਨ ਲਈ ਪਹੁੰਚਿਆ ਸੀ, ਜਿਸ ਦੌਰਾਨ ਸੰਸਦ ਮੈਂਬਰ ਦੇ ਪਿਤਾ

ਸਬੰਧਤ ਮੁਕੰਮਲ ਖ਼ਬਰ ਤੇ ਤਸਵੀਰਾਂ ਪੰਨਾ 12 'ਤੇ

ਤਰਸੇਮ ਸਿੰਘ ਨੇ ਕਿਹਾ ਕਿ ਉਹ ਆਪਣੀ ਆਵਾਜ਼ ਬੁਲੰਦ ਕਰਨ ਲਈ ਨਵੀਂ ਪਾਰਟੀ ਬਣਾਉਣਗੇ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਦੇ ਲੋਕ ਇਸ ਸਮੇਂ ਬਹੁਤ ਮਾੜੇ ਹਾਲਾਤਾਂ ਵਿੱਚੋਂ ਗੁਜ਼ਰ ਰਹੇ ਹਨ। 'ਵਾਰਿਸ ਪੰਜਾਬ ਦੇ' ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਨੇ ਹਾਲ ਹੀ ਵਿੱਚ ਹੋਈਆਂ ਲੋਕ ਸਭਾ ਚੋਣਾਂ 2024 ਵਿੱਚ ਪੰਜਾਬ ਦੀ ਖਡੂਰ ਸਾਹਿਬ ਸੀਟ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜੀ ਸੀ। ਭਾਈ ਅੰਮ੍ਰਿਤਪਾਲ ਸਿੰਘ ਨੇ 5 ਜੁਲਾਈ ਨੂੰ ਸੰਸਦ ਮੈਂਬਰ ਵਜੋਂ ਸਹੁੰ ਚੁੱਕੀ ਸੀ। ਹੁਣ ਉਨ੍ਹਾਂ ਦੇ ਪਿਤਾ ਨੇ ਸਿਆਸੀ ਪਾਰਟੀ ਬਣਾਉਣ ਦਾ ਐਲਾਨ ਕੀਤਾ ਹੈ। ਖਡੂਰ ਸਾਹਿਬ ਸੀਟ ਤੋਂ ਸੰਸਦ ਮੈਂਬਰ ਅਤੇ 'ਵਾਰਿਸ ਪੰਜਾਬ ਦੇ' ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਆਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹਨ। ਰਾਸ਼ਟਰੀ ਸੁਰੱਖਿਆ ਕਾਨੂੰਨ ਤਹਿਤ ਆਸਾਮ ਦੀ ਡਿਬਰੂਗੜ੍ਹ ਕੇਂਦਰੀ ਜੇਲ੍ਹ ਵਿੱਚ ਬੰਦ ਭਾਈ ਅੰਮ੍ਰਿਤਪਾਲ ਸਿੰਘ ਅਤੇ 9 ਹੋਰਾਂ ਦੀ ਹਿਰਾਸਤ ਜੂਨ ਮਹੀਨੇ ਵਿੱਚ ਇੱਕ ਸਾਲ ਲਈ ਵਧਾ ਦਿੱਤੀ ਗਈ ਸੀ। ਇਹ ਸਾਰੇ ਪਿਛਲੇ ਸਾਲ ਮਾਰਚ ਤੋਂ ਜੇਲ੍ਹ ਵਿੱਚ ਬੰਦ ਹਨ।



ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ (ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ) ਦੀ ਪ੍ਰੇਰਨਾ ਸਦਕਾ

www.nsycuk.com

ਸਾਲਾਨਾ ਯਾਤਰਾ 20 ਫਰਵਰੀ ਤੋਂ 12 ਮਾਰਚ 2025 ਤੱਕ

# ਪੰਜ ਤਖ਼ਤ ਸਾਹਿਬਾਨ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਦੀ ਸਾਲਾਨਾ ਯਾਤਰਾ


ਸ੍ਰੀ ਅਕਾਲ ਤਖ਼ਤ ਸਾਹਿਬ


ਤਖ਼ਤ ਸ੍ਰੀ ਪਟਨਾ ਸਾਹਿਬ


ਤਖ਼ਤ ਸ੍ਰੀ ਕੇਸਗੜ੍ਹ ਸਾਹਿਬ


ਤਖ਼ਤ ਸ੍ਰੀ ਦਮਦਮਾ ਸਾਹਿਬ


ਤਖ਼ਤ ਸ੍ਰੀ ਹਜ਼ੂਰ ਸਾਹਿਬ

## ਯਾਤਰਾ ਗੁਰਦੁਆਰਾ ਦੂਖ ਨਿਵਾਰਣ ਸਾਹਿਬ, ਗੁਰੂ ਤੇਗ ਬਹਾਦਰ ਨਗਰ, ਜਲੰਧਰ ਤੋਂ

20 ਫਰਵਰੀ 2025, ਦਿਨ ਵੀਰਵਾਰ ਨੂੰ ਸਵੇਰੇ ਠੀਕ 8 ਵਜੇ ਆਰੰਭ ਹੋਵੇਗੀ, ਸੰਗਤਾਂ ਸਵੇਰੇ 7.30 ਵਜੇ ਤੱਕ ਪਹੁੰਚਣ ਦੀ ਕਿਰਪਾ ਕਰਨ। 12 ਮਾਰਚ 2025, ਦਿਨ ਬੁੱਧਵਾਰ ਨੂੰ ਉਕਤ ਗੁਰਦੁਆਰਾ ਸਾਹਿਬ ਵਿਖੇ ਹੀ ਯਾਤਰਾ ਦੀ ਸਮਾਪਤੀ ਹੋਵੇਗੀ।



**ਬਾਹਰਲੇ ਦੇਸ਼ਾਂ ਤੋਂ ਜਾਣ ਵਾਲੇ ਯਾਤਰੀ ਦਾ ਖਰਚ 400 ਪੌਂਡ ਅਤੇ ਪੱਕੇ ਤੌਰ 'ਤੇ ਭਾਰਤ ਵਿਚ ਰਹਿ ਰਹੇ ਯਾਤਰੀ ਦਾ ਖਰਚਾ 20 ਹਜ਼ਾਰ ਰੁਪਏ ਹੈ**

ਸੀਮਤ ਸੀਟਾਂ ਜਲਦੀ ਬੁਕਿੰਗ ਕਰਵਾਉ ਜੀ

ਨੋਟ: ਵਿਦੇਸ਼ਾਂ ਤੋਂ ਸੰਗਤਾਂ ਆਪੋ-ਆਪਣੀਆਂ ਟਿਕਟਾਂ ਲੈ ਕੇ ਪੰਜਾਬ ਪਹੁੰਚਣਗੀਆਂ। ਯਾਤਰਾ ਏਅਰ ਕੰਡੀਸ਼ਨਰ ਕੋਚਾਂ ਵਿੱਚ ਕਰਵਾਈ ਜਾਵੇਗੀ। ਇੰਗਲੈਂਡ, ਅਮਰੀਕਾ, ਕੈਨੇਡਾ ਜਾਂ ਦੁਨੀਆਂ ਦੇ ਕਿਸੇ ਵੀ ਦੇਸ਼ ਵਿੱਚ ਰਹਿੰਦੇ ਸ਼ਰਧਾਲੂ ਇਸ ਯਾਤਰਾ ਵਿੱਚ ਜਾਲ ਲਈ ਸੰਪਰਕ ਕਰ ਸਕਦੇ ਹਨ। ਭਾਰਤ ਦੇ ਪੱਕੇ ਵਸਨੀਕ ਰਿਸ਼ਤੇਦਾਰਾਂ/ ਮਿੱਤਰਾਂ ਦੀ ਬੁਕਿੰਗ ਵੀ ਇੱਥੇ ਯੂ.ਕੇ. ਵਿੱਚ ਤੁਸੀਂ ਕਰਵਾ ਸਕਦੇ ਹੋ।

ਗੁ. ਸ੍ਰੀ ਗੁਰੂ ਤੇਗ ਬਹਾਦਰ, ਜਲੰਧਰ ਤੋਂ ਸ਼ੁਰੂਆਤ, ਗੁ. ਸ਼ਹੀਦ ਬੇਅੰਤ ਸਿੰਘ, ਗੁ. ਗੁਰੂ ਕਾ ਲਾਹੌਰ, ਗੁ. ਸੁਹੇਲਾ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਆਨੰਦਪੁਰ ਸਾਹਿਬ, ਬਾਉਲੀ ਸਾਹਿਬ, ਗੁ. ਨਾਢਾ ਸਾਹਿਬ, ਗੁ. ਸ੍ਰੀ ਕ੍ਰਿਪਾਲ ਸ਼ਿਲਾ, ਗੁ. ਸ੍ਰੀ ਪਾਉਂਟਾ ਸਾਹਿਬ, ਗੁ. ਦਸਤਾਰ ਅਸਥਾਨ, ਗੁ. ਭੰਗਾਣੀ ਸਾਹਿਬ, ਗੁ. ਤੀਰਗੜ੍ਹੀ ਸਾਹਿਬ, ਗੁ. ਨਾਨਕਮਤਾ ਸਾਹਿਬ, ਗੁ. ਬਾਬਾ ਅਲਮਸਤ ਸਾਹਿਬ, ਗੁ. ਭੰਡਾਰਾ ਸਾਹਿਬ, ਗੁ. ਦੁੱਧ ਵਾਲਾ ਖੂਹ, ਬਾਉਲੀ ਸਾਹਿਬ, ਗੁ. ਭਗਤ ਕਬੀਰ ਜੀ ਮਗਹਰ,ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਗੁ. ਗਊ ਘਾਟ, ਗੁ. ਤਾਕੀ ਸਾਹਿਬ, ਗੁ. ਗੁਰੂ ਕਾ ਬਾਗ ਪਟਨਾ ਸਾਹਿਬ, ਗੁ. ਕੰਗਣ ਘਾਟ, ਮਾਤਾ ਗੁਜਰੀ ਜੀ ਦਾ ਖੂਹ, ਗੁ. ਬਾਲ ਲੀਲ੍ਹਾ, ਗੁ. ਹਾਂਡੀ ਸਾਹਿਬ, ਗੁ. ਸ਼ੀਤਲ ਕੁੰਡ ਰਾਜਗੀਰ, ਗੁ. ਗਵਾਰੀ ਘਾਟ ਸਾਹਿਬ ਜੱਬਲਪੁਰ, ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਗੁ. ਰਤਨਗੜ੍ਹ ਸਾਹਿਬ, ਗੁ. ਨਾਨਕਸਰ, ਗੁ. ਸੰਗਤ ਸਾਹਿਬ, ਗੁ. ਮਾਤਾ ਸਾਹਿਬ ਦੇਵਾਂ ਜੀ, ਗੁ. ਅੰਗੀਠਾ ਸਾਹਿਬ ਸੰਤ ਬਾਬਾ ਨਿਧਾਨ ਸਿੰਘ ਜੀ-ਸੰਤ ਬਾਬਾ ਹਰਨਾਮ ਸਿੰਘ ਜੀ, ਗੁ. ਭਜਨਗੜ੍ਹ ਸਾਹਿਬ, ਗੁ. ਨਾਨਕ ਝੀਰਾ ਸਾਹਿਬ, ਗੁ. ਹੀਰਾ ਘਾਟ, ਗੁ. ਮਾਲਟੇਕੜੀ ਸਾਹਿਬ, ਗੁ. ਨਗੀਨਾ ਘਾਟ, ਗੁ. ਬੰਦਾ ਘਾਟ, ਦੇਹੁਰਾ ਭਗਤ ਨਾਮਦੇਵ ਜੀ, ਗੁ. ਬੜੀ ਸੰਗਤ ਸਾਹਿਬ ਬੁਰਹਾਨਪੁਰ, ਗੁ. ਦੱਖਣੀ ਓਅੰਕਾਰ ਸਾਹਿਬ, ਗੁ. ਸਾਹਿਬ ਬੇਟਮਾ ਇੰਦੌਰ, ਗੁ. ਦਾਤਾ ਬੰਦੀ ਛੋੜ ਗਵਾਲੀਅਰ, ਗੁ. ਦੂਖ ਨਿਵਾਰਨ ਸਾਹਿਬ ਆਗਰਾ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਭਾਈ ਡੱਲੇ ਦੀ ਹਵੇਲੀ, ਭੋਰਾ ਬਾਬਾ ਦੀਪ ਸਿੰਘ ਜੀ, ਗੁ. ਬਾਬਾ ਬੀਰ ਸਿੰਘ ਧੀਰ ਸਿੰਘ, ਗੁ. ਦਮਦਮਾ ਸਾਹਿਬ, ਗੁਰਦੁਆਰਾ ਬੁੰਗਾ ਮਸਤੂਆਣਾ, ਗੁਰੂਸਰ ਮਹਿਰਾਜ, ਗੁ. ਜ਼ਫ਼ਰਨਾਮਾ ਸਾਹਿਬ, ਗੁਰਦੁਆਰਾ ਟੁੱਟੀ ਗੰਢੀ ਸਾਹਿਬ, ਗੁ. ਤੰਬੂ ਸਾਹਿਬ ਸ੍ਰੀ ਮੁਕਤਸਰ ਸਾਹਿਬ, ਸ੍ਰੀ ਤਰਨਤਾਰਨ ਸਾਹਿਬ, ਛੇਹਰਟਾ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਜਲੰਧਰ ਵਾਪਸੀ ਹੋਵੇਗੀ ।

**ਯਾਤਰੂ ਟਰੈਵਲ ਇੰਸ਼ੋਰੈਂਸ ਖੁਦ ਜ਼ਰੂਰ ਕਰਵਾਉਣ। ਤੁਸੀਂ ਆਪਣੇ ਨਾਂਅ ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿਚ ਵੀ ਸਾਡੇ ਸੇਵਾਦਾਰਾਂ ਨੂੰ ਦੇ ਸਕਦੇ ਹੋ। ਵਧੀਆ ਰਿਹਾਇਸ਼ ਅਤੇ ਮੁੱਢਲੀ ਡਾਕਟਰੀ ਸਹਾਇਤਾ ਦਾ ਖਾਸ ਪ੍ਰਬੰਧ ਕੀਤਾ ਜਾਂਦਾ ਹੈ।**


## ਗੁਰੂ ਪੰਥ ਦੇ ਦਾਸ: ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ

| | | | |
|---|---|---|---|
| ਭਾਈ ਰਘਵੀਰ ਸਿੰਘ ਮਾਲੜੀ ਨੋਟਿੰਘਮ | +44 7813953484 | ਭਾਈ ਅਮਰੀਕ ਸਿੰਘ ਤੂਰ ਡਰਬੀ | +44 7539243163 |
| ਭਾਈ ਰਘਵੀਰ ਸਿੰਘ ਵਾਲਸਾਲ | +44 7976210161 | ਬੀਬੀ ਜਸਵਿੰਦਰ ਕੌਰ ਥਾਂਦੀ ਕਵੈਂਟਰੀ | +44 7895666314 |
| ਭਾਈ ਬਲਜੀਤ ਸਿੰਘ ਕੰਗ | +44 7780605230 | ਭਾਈ ਕਪਤਾਨ ਸਿੰਘ ਵੁਲਵਰਹੈਂਪਟਨ | +44 7788283485 |

ਨੋਟ: ਕਿਸੇ ਜਥੇਬੰਦੀ ਜਾਂ ਨਿੱਜੀ ਲਾਭ ਦੀ ਬਜਾਇ ਇਸ ਯਾਤਰਾ ਕਮੇਟੀ ਦਾ ਗਠਨ ਸੰਗਤਾਂ ਦੀ ਸੇਵਾ ਲਈ ਕੀਤਾ ਗਿਆ ਹੈ, ਇਕੱਤਰ ਮਾਇਆ ਗੁਰਦੁਆਰਾ ਸਾਹਿਬਾਨ ਦੀ ਸੇਵਾ ਵਿੱਚ ਹੀ ਲਾਈ ਜਾਂਦੀ ਹੈ।

Nankana Sahib Yatra Committee U.K, 21 Hazel Ave, Littleover, Derby De23 7HA
www.nsycuk.com, E-Mail: nsycuk1469@gmail.com
ਪਿਛਲੇ ਸਾਲਾਂ ਦੀਆਂ ਯਾਤਰਾ ਤਸਵੀਰਾਂ ਦੇਖਣ ਲਈ ਸਾਡੇ ਫੇਸਬੁੱਕ ਪੇਜ Nankana Sahib Yatra Commitee UK ਅਤੇ ਵੈੱਬਸਾਈਟ ਤੇ ਜ਼ਰੂਰ ਜਾਉ ਜੀ

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ
ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net



ਨਾਮ ਜਪੋ | ਕਿਰਤ ਕਰੋ | ਵੰਡ ਛਕੋ
Naam Japo | Kirat Karo | Vand Shako
ਦਮਦਮੀ ਟਕਸਾਲ
ਜਥਾ ਭਿੰਡਰਾਂ (ਮਹਿਤਾ)
www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


24 SERVICE EVERYDAY HOURS
PURE AND NATURAL 100% VEGETARIAN
Enjoy Real Taste of PUNJAB
KD
FULLY A.C. HALL
Khehra VAISHNO DHABA
BREAKFAST
LUNCH
DINNER
OUR SPECIALIZATION : Au Important Ingredients used to Prepare Dishes are Grown in our own farmes.

Soup
Burger
Sandwich
Pizza
Grilled Breads
Continental Fast Food
Tandoori Snacks
Tandoori Breads
Biryani Khas
Beverages
Shakes
Desserts
Punjabi Snacks
South Indian
Kathi Roll
Pasta
Chines Food
Raita Salad

V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment



# ਪੰਜਾਬੀ
## ਸਿੱਖੋ ਬੋਲੋ ਪੜ੍ਹੋ ਲਿਖੋ

ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ

ੳ ਅ ੲ ਸ ਹ
ਕ ਖ ਗ ਘ ਙ
ਚ ਛ ਜ ਝ ਞ
ਟ ਠ ਡ ਢ ਣ
ਤ ਥ ਦ ਧ ਨ
ਪ ਫ ਬ ਭ ਮ
ਯ ਰ ਲ ਵ ੜ
ਸ਼ ਖ਼ ਗ਼ ਜ਼ ਫ਼ ਲ਼

Love Maa Boli Punjabi

www.damdamitaksal.net

ਮੁਕਤਾ | ਾ ਕੰਨਾ | ਿ ਸਿਹਾਰੀ | ੀ ਬਿਹਾਰੀ
ੁ ਔਂਕੜ | ੂ ਦੁਲੈਂਕੜ | ੇ ਲਾਂ | ੈ ਦੁਲਾਵਾਂ
ੋ ਹੋੜਾ | ੌ ਕਨੌੜਾ | ੰ ਟਿੱਪੀ | ਾਂ ਕੰਨਾ-ਬਿੰਦੀ

www.damdamitaksal.net

੧ ੨ ੩ ੪ ੫ ੬ ੭ ੮ ੯ ੧੦

www.damdamitaksal.net
Learn Speak Read Write
PUNJABI


ਦੇਗ ਤੇਗ ਫ਼ਤਿਹ – ਪੰਥ ਕੀ ਜੀਤ
ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥
ਸਲਾਨਾ ਜੋੜ ਮੇਲਾ
ਜਥੇਦਾਰ ਬਾਬਾ ਖੜਕ ਸਿੰਘ ਨਿਹੰਗ ਸਿੰਘ ਜੀ
ਧੰਨ–ਧੰਨ
ਮਾਤਾ ਸਾਹਿਬ ਕੌਰ ਜੀ
ਗੁਰਮਤਿ ਸਮਾਗਮ
3 ਨਵੰਬਰ 2024 ਦਿਨ ਐਤਵਾਰ ਨੂੰ
ਸੰਤ ਜਰਨੈਲ ਸਿੰਘ ਜੀ
ਖਾਲਸਾ
ਭਿੰਡਰਾਂ ਵਾਲੇ
ਗੁਰਦੁਆਰਾ ਸ਼ਹੀਦਾਂ, ਜੱਸੋਵਾਲ
(ਬੱਬਰਾਂ ਦਾ ਹਾਈਕੋਰਟ)
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ,
ਪ੍ਰਧਾਨ ਭਾਈ ਲਾਲੋ ਜੀ ਸੰਤ ਸਮਾਜ, ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ
ਸੰਪਰਕ ਨੰਬਰ
98141-27470



ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ
ਰੰਧਾਵਾ
ਪਗੜੀ ਸੈਂਟਰ
ਦਸਤਾਰਾਂ ਦੇ ਥਾਨ ਥੋਕ ਦੇ ਭਾਅ
ਖ਼ਰੀਦਣ ਲਈ ਸੰਪਰਕ ਕਰੋ।
✚ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ
ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜ਼ਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446


ASA Gas Heating
Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ
ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ
ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ
ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ
ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ
ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ
ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ
ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ
ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote





KHALSA FORGE

Explore a stunning collection of high-quality Damascus and Sarbloh Kirpans, meticulously crafted for excellence.
www.khalsaforge.com

# ਖਾਲਸਾ ਫੋਰਜ

☛ ਉੱਚ ਕੁਆਲਿਟੀ ਦੀਆਂ ਸਰਬਲੋਹ ਕਿਰਪਾਨਾਂ ਅਤੇ ਗਾਤਰਾ ਸਾਹਿਬ ਖ਼ਰੀਦਣ ਲਈ ਸੰਪਰਕ ਕਰੋ।

☛ ਆਨਲਾਈਨ ਆਰਡਰ ਵੀ ਬੁੱਕ ਕੀਤੇ ਜਾਂਦੇ ਹਨ।






**www.khalsaforge.com**


HAYES PLANT HIRE
WE TRAIN YOU GAIN
NPORS ACCREDITED
Telescopic Handler
Excavator 360
Road Roller
Forward Tipping Dumper
Tractor
Dozer
Plant Training and Testing on All
CATEGORIES OF
MACHINERY.
Dump Truck
HAYES PLANT HIRE
ਉਪਰੋਕਤ ਮਸ਼ੀਨਾਂ ਦੇ ਲਾਇਸੈਂਸ ਪ੍ਰਾਪਤ ਕਰਨ ਲਈ ਸੰਪਰਕ ਕਰੋ
NROPS Accredited
ਉਪਰੋਕਤ ਹਰ ਤਰ੍ਹਾਂ ਦੀ ਮਸ਼ੀਨਰੀ ਦੀ
ਟਰੇਨਿੰਗ ਅਤੇ ਟੈਸਟਿੰਗ ਦੀ ਸਿਖਲਾਈ ਦਿੱਤੀ ਜਾਂਦੀ ਹੈ।
CONTACT- 07831543004
Hollis Farm, Clay Cross Chesterfield. S45 9BA
01246864370
ਆਵਾਜ਼ਿ ਕੌਮ AWAZE QAUM International Newspaper & WEB TV
CALL US TO BOOK YOUR CSCS LEVEL ONE COURSE.
07715 1-28621




# • ਪੁਰਜ਼ੋਰ ਅਪੀਲ •

ਦੇਸ਼ ਵਿਦੇਸ਼ ਵਿੱਚ ਵੱਸਦੀ ਸਮੂਹ ਸਿੱਖ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਭਾਰਤੀ ਹਕੂਮਤ ਦੇ ਹੁਕਮਾਂ ਤੇ ਸਿੱਖਾਂ ਦੇ ਪਾਵਨ ਪਵਿੱਤਰ ਅਸਥਾਨ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਤੇ ਧਾੜਵੀ ਬਣਕੇ ਆਕੇ ਟੈਂਕਾਂ ਤੋਪਾਂ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕਰਨ ਵਾਲੇ ਜਰਨਲ ਵੈਦਿਆ ਨੂੰ ਸੋਧਾ ਲਾਕੇ ਸਿੱਖ ਕੌਮ ਦੀ ਡਿੱਗੀ ਪੱਗ ਸਿਰ ਤੇ ਰੱਖਣ ਵਾਲੇ ਸੂਰਬੀਰ ਯੋਧੇ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਜੀ ਦੀ 32ਵੀਂ ਬਰਸੀ ਉਹਨਾਂ ਦੇ ਜੱਦੀ ਪਿੰਡ ਗੱਦਲੀ, ਜਿਲਾ ਅੰਮ੍ਰਿਤਸਰ ਵਿਖੇ 9 ਅਕਤੂਬਰ 2024 ਨੂੰ ਮਨਾਈ ਜਾ ਰਹੀ ਹੈ। ਆਪ ਸਭ ਨੇ ਆਪਣੇਂ ਕੀਮਤੀ ਰੁਝੇਵਿਆਂ ਚੋਂ ਸਮਾਂ ਕੱਢ ਕੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

ਬੇਨਤੀ ਕਰਤਾ :-

## ਭਾਈ ਭੁਪਿੰਦਰ ਸਿੰਘ ਗੱਦਲੀ

(ਭਰਾਤਾ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ)


DHAN DHAN SRI GURU NANAK DEV JI'S
PARKASH PURAB
SANDWELL
NAGAR
KIRTAN
ਨਗਰ ਕੀਰਤਨ
SUNDAY 3 NOV 2024
GURDWARA GURU HAR RAI SAHIB JI
George Street, West Bromwich
START 9.00AM
GURU NANAK GURDWARA
Edward Street, West Bromwich
11.00AM
GURDWARA AMRIT PARCHAR DHARMIK DIWAN
Birmingham Road, Oldbury
1.00PM
GURDWARA GURU MANEYO GRANTH
Popes Lane, Oldbury
2.00PM
GURDWARA BABA SANG
St Paul's Road, Smethwick
3.15PM
GURU NANAK GURDWARA SMETHWICK
High Street, Smethwick
4.00pm FINISH
ਗੁਰਦੁਆਰਾ ਗੁਰੂ ਹਰਿ ਰਾਇ ਸਾਹਿਬ
ਜੋਰਜ ਸਟਰੀਟ ਵੈਸਟ ਬ੍ਰਮਵਿਚ
ਅਰੰਭਤਾ: ੯.੦੦ ਵਜੇ
ਗੁਰੂ ਨਾਨਕ ਗੁਰਦੁਆਰਾ,
ਏਡਵਰਡ ਸਟਰੀਟ ਵੈਸਟ ਬ੍ਰਮਵਿਚ
੧੧.੦੦ ਵਜੇ
ਗੁਰਦੁਆਰਾ ਅੰਮ੍ਰਿਤ ਪ੍ਰਚਾਰ ਧਾਰਮਿਕ ਦੀਵਾਨ
ਬ੍ਰਮਿੰਘਮ ਰੋਡ, ਓਲਡਬਰੀ
੧.੦੦ ਵਜੇ
ਗੁਰਦੁਆਰਾ ਗੁਰੂ ਮਾਨਯੋ ਗ੍ਰੰਥ
ਪੋਪਸ ਲੇਨ, ਓਲਦਬਰੀ
੨.੦੦ ਵਜੇ
ਗੁਰਦੁਆਰਾ ਬਾਬਾ ਸੰਗ ਜੀ
ਸਟ. ਪੌਲਜ਼ ਰੋਡ, ਸਮੈਦਿਕ
੩.੧੫ ਵਜੇ
ਗੁਰੂ ਨਾਨਕ ਗੁਰਦੁਆਰਾ
ਸਮੈਦਿਕ
ਸਮਾਪਤੀ: ੪.੦੦ ਵਜੇ
ਆਵਾਜ਼ਿ ਕੌਮ
AWAZE QAUM
International Newspaper & WEB TV
GURU HAR RAI GURDWARA SAHIB - 0121 553 7219
GURU NANAK GURDWARA SMETHWICK - 0121 558 2527
GURDWARA AMRIT PARCHAR DHARMIK DIWAN OLDBURY
Gurdwara Guru Maneyo Granth OLDBURY
GURU NANAK GURDWARA SMETHWICK
The Council of Sikh Gurdwaras in Sandwell

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥

# ਖਾੜਕੂ ਸਿੱਖ ਸੰਘਰਸ਼ ਦੇ ਮਹਾਨ ਯੋਧੇ ਭਾਈ ਸੁਖਵੰਤ ਸਿੰਘ ਗੂਹਲਾ ਨਮਿਤ ਅੰਤਿਮ ਅਰਦਾਸ 30 ਸਤੰਬਰ ਨੂੰ


ਭਾਈ ਸੁਖਵੰਤ ਸਿੰਘ ਗੂਹਲਾ

ਖਾੜਕੂ ਸਿੱਖ ਸੰਘਰਸ਼ ਦੇ ਮਹਾਨ ਯੋਧੇ ਭਾਈ ਸੁਖਵੰਤ ਸਿੰਘ ਗੂਹਲਾ ਪਿਛਲੇ ਦਿਨੀ ਅਕਾਲ ਚਲਾਣਾ ਕਰ ਗਏ ਸਨ, ਓਨਾ ਦੀ ਅੰਤਿਮ ਅਰਦਾਸ 30-9-2024 ਨੂੰ ਗੁਰਦਵਾਰਾ ਸਾਹਿਬ ਪਾਤਸ਼ਾਹੀ ਛੇਵੀਂ ਅਤੇ ਪਾਤਸ਼ਾਹੀ ਨੌਵੀਂ ਗੂਹਲਾ ਚੀਕਾਂ ਜਿਲ੍ਹਾ ਕੈਥਲ ਹਰਿਆਣਾ ਵਿਖ਼ੇ 11 ਵਜੇ ਹੋਵੇਗੀ।

**ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਦੀ ਕ੍ਰਿਪਾਲਤਾ ਕਰਨੀ ਜੀ।**

ਆਵਾਜ਼ਿ ਕੌਮ AWAZE QAUM International Newspaper & WEB TV

ਬੇਨਤੀ ਕਰਤਾ :

## ਸਮੂਹ ਪਰਿਵਾਰ ਅਤੇ ਸਾਧ ਸੰਗਤ

**ਜਾਰੀ ਕਰਤਾ :** ਭਾਈ ਬਾਬਾ ਇੰਦਰ ਸਿੰਘ ਕਾਰ ਸੇਵਾ, ਬਾਬਾ ਬਖਸੀਸ ਸਿੰਘ ਨਿਜ਼ਾਮਨੀਵਾਲਾ, ਬਾਬਾ ਦਿਲਬਾਗ ਸਿੰਘ ਅਤਾਲਾ, ਭਾਈ ਸੁਰਿੰਦਰ ਸਿੰਘ ਠੀਕਰੀਵਾਲ, ਭਾਈ ਬਗੀਚਾ ਸਿੰਘ ਰੱਤਾਖੇੜਾ, ਭਾਈ ਮਹਿੰਦਰ ਸਿੰਘ ਅਸੰਧ




## ਕੌਮਾਂਤਰੀ ਹਾਕੀ ਖਿਡਾਰੀ

# ਬਿਕਰਮਜੀਤ 'ਕਾਕਾ' ਨੂੰ ਮਿਲਿਆ ਸ਼ਹੀਦ ਭਗਤ ਸਿੰਘ ਐਵਾਰਡ



**ਚੌਕ ਮਹਿਤਾ, 29 ਸਤੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ 117 ਜਨਮ ਦਿਹਾੜੇ ਮੌਕੇ ਵੱਖ-ਵੱਖ ਸਰਕਾਰੀ ਅਤੇ ਗੈਰ-ਸਰਕਾਰੀ ਸੰਸਥਾਵਾਂ ਦੇ ਵਲੋਂ ਕਰਵਾਏ ਜਾ ਰਹੇ ਵਿਸ਼ਵ ਵਿਆਪੀ ਸਮਾਰੋਹਾਂ ਦੇ ਚੱਲਦਿਆ ਪੰਜਾਬ ਦੀ ਨਾਮਵਰ ਖੇਡ ਸੰਸਥਾਂ ਸਰਹੱਦ-ਏ-ਪੰਜਾਬ ਸਪੋਰਟਸ ਕਲੱਬ ਦੇ ਵਲੋਂ ਜੂਨੀਅਰ ਵਰਲਡ-ਕੱਪ (ਮੈਨਜ਼) 2001 ਦੇ ਗੋਲਡ ਮੈਡਲਿਸਟ ਤੇ ਸੀ.ਆਈ.ਟੀ. ਰੇਲਵੇ ਕੌਮਾਤਰੀ ਹਾੱਕੀ ਖਿਡਾਰੀ ਬਿਕਰਮਜੀਤ ਸਿੰਘ 'ਕਾਕਾ' ਨੂੰ ਸ਼ਹੀਦ ਭਗਤ ਸਿੰਘ ਐਵਾਰਡ ਨਾਲ ਸਨਮਾਨਿਤ ਕੀਤਾ।ਸਨਮਾਨਿਤ ਕਰਨ ਦੀ ਰਸਮ ਸਰਹੱਦ-ਏ-ਪੰਜਾਬ ਸਪੋਰਟਸ ਕਲੱਬ ਦੇ ਪ੍ਰਧਾਨ ਗੁਰਿੰਦਰ ਸਿੰਘ ਮੱਟੂ, ਪੰਜਾਬੀ ਲੋਕ ਗਾਇਕ ਦਵਿੰਦਰ ਦਿਆਲਪੁਰੀ ਤੇ ਉਘੇ ਖੇਡ ਪ੍ਰਮੋਟਰ ਅਤੇ ਜਿਲ੍ਹਾ ਖੇਡ ਪੀ.ਆਰ.ਓ. ਜੀ.ਐਸ. ਸੰਧੂ ਨੇ ਸਾਂਝੇ ਤੌਰ ਤੇ ਅਦਾ ਕੀਤੀ।ਉਨ੍ਹਾ ਦੱਸਿਆ ਕਿ ਗੋਲਡ ਮੈਡਲਿਸਟ ਤੇ ਸੀ.ਆਈ.ਟੀ. ਰੇਲਵੇ ਕੌਮਾਤਰੀ ਹਾੱਕੀ ਖਿਡਾਰੀ ਬਿਕਰਮਜੀਤ ਸਿੰਘ 'ਕਾਕਾ' ਨੇ ਪੋਲੈਂਡ ਵਿਖੇ ਅਗਸਤ 2000 ਵਿੱਚ ਆਯੋਜਿਤ ਚੌਥੇ ਕੌਮੀ ਮੈਨਜ਼ ਟੂਰਨਾਮੇਂਟ ਵਿੱਚ ਦੂਸਰਾ ਸਥਾਨ, ਮਲੇਸ਼ੀਆ ਵਿਖੇ ਅਗਸਤ 2001 ਵਿੱਚ ਗਿਆਰਵੇਂ ਸੁਲਤਾਨ ਅਜਲਾਨ ਸ਼ਾਹ ਹਾੱਕੀ ਕੱਪ ਵਿੱਚ ਪਹਿਲਾ, ਆਸਟ੍ਰੇਲੀਆ ਵਿਖੇ ਅਕਤੂਬਰ 2001 ਵਿੱਚ ਸੱਤਵੇਂ ਜੂਨੀਅਰ ਮੈਨਜ਼ ਵਰਲਡ ਕੱਪ ਵਿੱਚ ਪਹਿਲਾ, ਭਾਰਤ ਵਿਖੇ ਨਵੰਬਰ 1998 ਵਿੱਚ ਹੋਏ ਇੰਡੀਆ-ਸ਼੍ਰੀ ਲੰਕਾ ਟੈਸਟ ਸੀਰੀਜ਼ ਅਤੇ ਹੋਲੈਂਡ ਵਿਖੇ 1999 ਵਿੱਚ ਇੰਡੀਆ-ਹੋਲੈਂਡ ਅੰਡਰ-21 ਟੈਸਟ ਸੀਰੀਜ਼ ਵਿੱਚ ਪਹਿਲਾ ਸਥਾਨ ਹਾਸਲ ਕੀਤਾ।ਪ੍ਰਧਾਨ ਗੁਰਿੰਦਰ ਸਿੰਘ ਮੱਟੂ ਨੇ ਅੱਗੇ ਦੱਸਿਆ ਕਿ ਉਨ੍ਹਾਂ ਦੀ ਸੰਸਥਾਂ ਬੀਤੇ ਕਈ ਵਰ੍ਹਿਆ ਤੋਂ ਸਰਕਾਰੀ ਤੇ ਗੈਰ-ਸਰਕਾਰੀ ਪੱਧਰ ਤੇ ਤਸਦੀਕ ਵੱਖ-ਵੱਖ ਦਿਨ-ਦਿਹਾੜਿਆ ਤੇ ਵੱਖ ਵੱਖ ਖੇਤਰਾਂ ਨਾਲ ਜੁੜੇ ਉੱਦਮੀ ਤੇ ਹੋਣਹਾਰ ਮਹਿਲਾ-ਪੁਰਸ਼ਾਂ ਦਾ ਮਾਨ-ਸਨਮਾਨ ਕਰਦੀ ਆਈ ਹੈ ਤੇ ਅੱਜ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ 117 ਜਨਮ ਦੇ ਸ਼ੁੱਭ ਅਵਸਰ ਤੇ ਜੂਨੀਅਰ ਵਰਲਡ-ਕੱਪ (ਮੈਨਜ਼) 2001 ਦੇ ਗੋਲਡ ਮੈਡਲਿਸਟ ਤੇ ਸੀ.ਆਈ.ਟੀ. ਰੇਲਵੇ ਕੌਮਾਤਰੀ ਹਾੱਕੀ ਖਿਡਾਰੀ ਬਿਕਰਮਜੀਤ ਸਿੰਘ 'ਕਾਕਾ' ਨੂੰ ਸ਼ਹੀਦ ਭਗਤ ਸਿੰਘ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ ਉਨ੍ਹਾ ਕਿਹਾ ਕਿ ਕੌਮਾਂਤਰੀ ਹਾਕੀ ਖਿਡਾਰੀ ਬਿਕਰਮਜੀਤ ਸਿੰਘ ਕਾਕਾ ਨੂੰ ਅਜੇ ਤੱਕ ਉਸ ਮਾਨ-ਸਨਮਾਨ ਨਾਲ ਨਹੀ ਨਵਾਜਿਆ ਗਿਆ ਜਿਸ ਦਾ ਉਹ ਅਸਲੀ ਹੱਕਦਾਰ ਹੈ।ਨੌਵੇਂ ਗੁਰੂ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਬਾਬਾ ਬਕਾਲਾ ਸਾਹਿਬ ਦੇ ਨਾਲ ਸਬੰਧਤ ਕੌਮਾਂਤਰੀ ਹਾਕੀ ਖਿਡਾਰੀ ਬਿਕਰਮਜੀਤ ਸਿੰਘ ਕਾਕਾ ਨੇ ਹੱਲਕੀ ਉਮਰੇ ਹਾਕੀ ਖੇਡਣੀ ਸ਼ੁਰੂ ਕੀਤੀ ਤੇ ਫਿਰ ਪਿਛੇ ਮੁੜ ਕੇ ਨਹੀ ਵੇਖਿਆ।ਮਿਸਾਲੀ ਖੇਡ ਪ੍ਰਦਰਸ਼ਨ ਦੇ ਕਾਰਨ ਉਸਦਾ ਪ੍ਰਾਪਤੀਆਂ-ਦਰ-ਪ੍ਰਾਪਤੀਆਂ ਦਾ ਸਿਲਸਿਲਾ ਜਾਰੀ ਰਿਹਾ।ਜਿਸਦੇ ਬਦਲੇ ਭਾਰਤ ਸਰਕਾਰ ਦੇ ਰੇਲ ਮੰਤਰਾਲੇ ਵਲੋਂ ਨੌਕਰੀ ਦੇ ਕੇ ਨਵਾਜਿਆ ਗਿਆ।ਮੱਟੂ ਨੇ ਅੱਗੇ ਦੱਸਿਆ ਕਿ ਬਿਕਰਮਜੀਤ ਸਿੰਘ ਕਾਕਾ ਦਾ ਹਾਕੀ ਖੇਡ ਖੇਤਰ ਨਾਲੋਂ ਚਾਅ-ਮੋਹ ਅਜੇ ਵੀ ਮੱਠਾ ਨਹੀ ਪਿਆ।ਜਿੱਥੇ ਉਹ ਅਜੇ ਵੀ ਖੁੱਦ ਕਰੜਾ ਅਭਿਆਸ ਕਰਦਾ ਹੈ ਉਥੇ ਹੋਰਨਾ ਨੂੰ ਵੀ ਹਾਕੀ ਖੇਡਣੀ ਸਿਖਾਉਣੀ ਤੇ ਮੁਹਾਰਤ ਹਾਸਲ ਕਰਵਾਉਣਾ ਉਨ੍ਹਾ ਦਾ ਸ਼ੌਂਕ ਹੈ।ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ 117 ਜਨਮ ਦਿਹਾੜੇ ਮੌਕੇ ਜੂਨੀਅਰ ਵਰਲਡ-ਕੱਪ (ਮੈਨਜ਼) 2001 ਦੇ ਗੋਲਡ ਮੈਡਲਿਸਟ ਤੇ ਸੀ.ਆਈ.ਟੀ. ਰੇਲਵੇ ਕੌਮਾਤਰੀ ਹਾੱਕੀ ਖਿਡਾਰੀ ਬਿਕਰਮਜੀਤ ਸਿੰਘ 'ਕਾਕਾ' ਨੂੰ ਉਨ੍ਹਾ ਦੀ ਸੰਸਥਾ ਸਰਹੱਦ-ਏ-ਪੰਜਾਬ ਸਪੋਰਟਸ ਕਲੱਬ ਸ਼ਹੀਦ ਭਗਤ ਸਿੰਘ ਐਵਾਰਡ ਨਾਲ ਸਨਮਾਨਿਤ ਕਰਕੇ ਮਾਣ ਤੇ ਫ਼ਖ਼ਰ ਮਹਿਸੂਸ ਕਰਦੀ ਹੈ।ਇਸ ਮੌਕੇ ਪੰਜਾਬੀ ਲੋਕ ਗਾਇਕ ਦਵਿੰਦਰ ਦਿਆਲਪੁਰੀ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਵਲੋਂ ਦੇਸ਼ ਕੌਮ ਵਾਸਤੇ ਕੀਤੀਆ ਗਈਆਂ ਕੁਰਬਾਨੀਆ ਤੇ ਰੌਸ਼ਨੀ ਪਾਈ ਤੇ ਕਿਹਾ ਉਨ੍ਹਾਂ ਦੇ ਜਨਮ ਦਿਵਸ ਮੌਕੇ ਉਨ੍ਹਾ ਨੂੰ ਯਾਦ ਕਰਨਾ ਇੱਕ ਚੰਗੀ ਪਿਰਤ ਹੈ ਜਦੋਂ ਕਿ ਕਿਸੇ ਖੇਤਰ ਦੀ ਵਿਲੱਖਣ ਸ਼ਖਸ਼ੀਅਤ ਨੂੰ ਸਨਮਾਨਿਤ ਕਰਨਾ ਸੋਨੇ ਤੇ ਸੁਹਾਗੇ ਵਾਲੀ ਗੱਲ ਹੈ ਜਦੋਂ ਕਿ ਭੱਵਿਖ ਵਿਚ ਇਹ ਸਿਲਸਿਲਾ ਜਰੂਰੀ ਤੇ ਲਾਜਮੀ ਵੀ ਹੋਣਾ ਚਾਹੀਦਾ ਹੈ । ਅਰਸ਼ਦੀਪ ਸਿੰਘ ਮਲੇਸ਼ੀਆ ਏਅਰਲਾਈਨਜ਼, ਰਿਸ਼ਬ ਕੁਮਾਰ ਸੂਬਾ ਥਿਏਟਰ ਕਲਾਕਾਰ, ਦਮਨਪ੍ਰੀਤ ਕੌਰ, ਲਵਪ੍ਰੀਤ ਸਿੰਘ, ਵੀਨਾ, ਰਜਤ ਮੰਨਣ, ਭਾਰਤੀ ਮੰਨਣ, ਭੁਪਿੰਦਰ ਮੰਨਣ, ਐਨਮ ਸੰਧੂ ਆਦਿ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਡੀਸੀ, ਐਸਐਸਪੀ ਅਤੇ ਐਸ ਡੀ ਐਮ ਵੱਲੋਂ ਪਿੰਡ ਤਾਰਾਗੜ੍ਹ ਵਿਖੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨਾ ਸਾੜਨ ਲਈ ਕੀਤਾ ਜਾਗਰੂਕ ਅਤੇ ਸੁਣੀਆਂ ਮੁਸ਼ਕਲਾਂ





ਜੰਡਿਆਲਾ ਗੁਰੂ 29 ਸਤੰਬਰ ( ਕੁਲਵੰਤ ਸਿੰਘ ਵਿਰਦੀ) ਅੱਜ ਡੀਸੀ ਅੰਮ੍ਰਿਤਸਰ ਸਾਕਸ਼ੀ ਸਾਹਨੀ, ਐਸ.ਐਸ.ਪੀ ਦਿਹਾਤੀ ਸ੍ਰ: ਚਰਨਜੀਤ ਸਿੰਘ ਅਤੇ ਐਸ.ਡੀ.ਐਮ 1 ਗੁਰਸਿਮਰਨ ਸਿੰਘ ਢਿੱਲੋਂ ਨੇ ਜੰਡਿਆਲਾ ਗੁਰੂ ਅਧੀਨ ਪੈਂਦੇ ਵੱਖ ਵੱਖ ਪਿੰਡ ਸਫੀਪੁਰ, ਬੰਡਾਲਾ ਅਤੇ ਤਾਰਾਗੜ੍ਹ ਤਲਾਵਾਂ ਦਾ ਦੌਰਾ ਕੀਤਾ ਅਤੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਬਾਰੇ ਜਾਗਰੂਕ ਕੀਤਾ ਅਤੇ ਕਿਹਾ ਕਿ ਇਸ ਸਾਲ ਅਸੀਂ ਵੀ ਮੰਨਦੇ ਹਾਂ ਕਿ ਕਿਸਾਨ ਭਰਾਵਾਂ ਦੀ ਪਿਛਲੇ ਸਾਲ ਦੇ ਮੁਕਾਬਲੇ ਇਸ ਵਾਰ ਆਮਦਨ ਘੱਟ ਰਹੀ ਹੈ। ਅਤੇ ਫਿਰ ਵੀ ਉਨ੍ਹਾਂ ਕਿਹਾ ਕਿ ਪਰਾਲੀ ਸਾੜਨ ਦੇ ਮਾਮਲੇ ਘੱਟ ਵੇਖਣ ਨੂੰ ਮਿਲੇ ਹਨ ਅਤੇ ਜਿਸ ਦੇ ਨਾਲ ਪ੍ਰਦੂਸ਼ਣ ਦੂਸ਼ਿਤ ਹੋਣ ਤੋਂ ਬਚਾਅ ਰਿਹਾ ਹੈ। ਅਤੇ ਕਿਸਾਨਾਂ ਵੱਲੋਂ ਝੋਨੇ ਦੀ ਰਹਿੰਦ-ਖੂੰਹਦ ਨੂੰ ਬੇਲਰਾਂ ਵਿੱਚ ਸਟੋਰ ਕੀਤਾ ਜਾ ਰਿਹਾ ਹੈ, ਜਿਸ ਦੇ ਹੱਲ ਲਈ ਕਿਸਾਨਾਂ ਨੂੰ ਕੁਝ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਇਸ ਨੂੰ ਹੱਲ ਕਰਨ ਦਾ ਭਰੋਸਾ ਦਿੱਤਾ ਅਤੇ ਕੁਝ ਮਾਮਲੇ ਸਰਕਾਰ ਤੱਕ ਪਹੁੰਚਾਏ ਜਾ ਰਹੇ ਹਨ ਤਾਂ ਜੋ ਕਿਸਾਨਾਂ ਨੂੰ ਕਿਸੇ ਕਿਸਮ ਦੀ ਮੁਸ਼ਿਕਲ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਉਚ ਅਧਿਕਾਰੀਆਂ ਦੇ ਨਾਲ ਡੀਐਸਪੀ ਜੰਡਿਆਲਾ ਸ੍ਰ: ਰਵਿੰਦਰ ਸਿੰਘ, ਐਸਐਚਓ ਇੰਸਪੈਕਟਰ ਮੁਖ਼ਿਤਆਰ ਸਿੰਘ, ਸਬ ਇੰਸਪੈਕਟਰ ਨਰੇਸ਼ ਸ਼ਰਮਾ ਪਹੁੰਚੇ ਅਤੇ ਇਸ ਮੌਕੇ ਹਰਦੀਪ ਸਿੰਘ ਸੋਨਾ, ਗੁਰਬੀਰ ਸਿੰਘ, ਜਗਮੋਹਨ ਸਿੰਘ, ਸੀਤਲ ਸਿੰਘ, ਤੇਜਿੰਦਰ ਸਿੰਘ, ਅਮੀਰ ਸਿੰਘ, ਜਗਦੀਪ ਸਿੰਘ ਜੱਗਾ, ਠੇਕੇਦਾਰ ਸੁਖਵਿੰਦਰ ਸਿੰਘ, ਕੇਵਲ ਸਿੰਘ ਆਦਿ ਪਿੰਡ ਵਾਸੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243


UNITED STATES OF AMERICA
NEW YORK
Katha/ Gurmaat
Parchaar
30 September
Monday
7:00-8:00 pm
GURDWARA BABA MAKHAN SHAH LOBANA SIKH CENTER
RICHMOND HILL
113-10 PUNJAB AVENUE 11419
Jathedar Baljit Singh Daduwal Ji
ਆਵਾਜ਼ਿ ਕੌਮ
AWAZE QAUM
International Newspaper & WEB TV
CONTACT
Charan Singh Prempura: +1 914 879 9894
Gurmit Singh Prempura: + 1 929 933 7042

## ਭਾਈ ਅੰਮ੍ਰਿਤਪਾਲ ਸਿੰਘ ਦੀ ਟੀਮ ਨੇ ਨਵੀਂ ਪਾਰਟੀ ਖੜੀ ਕਰਨ ਲਈ

# ਸਤਿਗੁਰੂ ਹਰਗੋਬਿੰਦ ਪਾਤਸ਼ਾਹ ਜੀ ਦਾ ਲਿਆ ਓਟ ਆਸਰਾ

### ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਰਾਜ ਕਰੇਗਾ ਖ਼ਾਲਸਾ ਦੇ ਸੰਕਲਪ 'ਤੇ ਰਾਜਭਾਗ ਸਥਾਪਿਤ ਕਰਨ ਲਈ ਪੰਥਕ ਪਾਰਟੀ ਖੜੀ ਕਰਨ ਲਈ ਕੀਤੀ ਗਈ ਅਰਦਾਸ











**ਅੰਮ੍ਰਿਤਸਰ (ਸ਼੍ਰੀ ਅਕਾਲ ਤਖ਼ਤ ਸਾਹਿਬ ) 29 ਸਤੰਬਰ (ਆਵਾਜ਼ਿ ਕੌਮ ਬਿਊਰੋ)**—ਅਸਾਮ ਦੀ ਡਿਬਰੂਗੜ ਜੇਲ੍ਹ 'ਚ ਐਨਐਸਏ ਤਹਿਤ ਨਜ਼ਰਬੰਦ ਤੇ ਵਾਰਸ ਪੰਜਾਬ ਦੇ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਦੀ ਟੀਮ ਨੇ ਪੰਥ ਅਤੇ ਪੰਜਾਬ ਦੇ ਸਰੋਕਾਰਾਂ ਦੀ ਪੂਰਤੀ ਅਤੇ ਦਰਪੇਸ਼ ਚੁਨੌਤੀਆਂ ਨਾਲ ਨਜਿੱਠਣ ਲਈ ਪੰਥਕ ਰਾਜਸੀ ਪਾਰਟੀ ਖੜੀ ਕਰਨ ਦੀ ਕਵਾਇਦ ਸ਼ੁਰੂ ਕਰ ਦਿੱਤੀ ਹੈ। ਸਮੁੱਚੀ ਟੀਮ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਤਿਗੁਰੂ ਹਰਗੋਬਿੰਦ ਪਾਤਸ਼ਾਹ ਦੇ ਚਰਨਾਂ ਵਿੱਚ ਰਾਜ ਕਰੇਗਾ ਖ਼ਾਲਸਾ ਦੇ ਸੰਕਲਪ ਤਹਿਤ ਪੰਜਾਬ ਦੀ ਪਵਿੱਤਰ ਧਰਤੀ ਦੇ ਲੋਕਾਂ ਲਈ ਸਰਬੱਤ ਦੇ ਭਲੇ ਵਾਲਾ ਸਦੀਵੀ ਰਾਜ ਭਾਗ ਸਥਾਪਿਤ ਕਰਨ ਲਈ ਪੰਥਕ ਪਾਰਟੀ ਖੜੀ ਕਰਨ ਤੋਂ ਇਲਾਵਾ ਸੰਗਤਾਂ ਦੀ ਹਿਮਾਇਤ ਬਖ਼ਿਸ਼ਸ਼ ਕਰਨ, ਪਾਰਟੀ ਦਾ ਨਾਮ, ਨਿਸ਼ਾਨਾਂ, ਵਿਧਾਨ ਤੇ ਜਥੇਬੰਦਕ ਢਾਂਚਾ ਸਿਰਜਣ 'ਚ ਅੰਗ ਸੰਗ ਸਹਾਈ ਹੋਣ ਦੀ ਅਰਦਾਸ ਬੇਨਤੀ ਕੀਤੀ ਹੈ।

ਅੱਜ ਸਵੇਰੇ ਸਤਿਗੁਰੂ ਹਰਗੋਬਿੰਦ ਪਾਤਸ਼ਾਹ ਦੇ ਚਰਨਾਂ ਵਿੱਚ ਅੰਮ੍ਰਿਤਪਾਲ ਸਿੰਘ ਖ਼ਾਲਸਾ ਦੀ ਟੀਮ ਵੱਲੋਂ ਕੀਤੀ ਅਰਦਾਸ ਬੇਨਤੀ ਕਿ "ਪੰਜਾਬ ਦੀ ਧਰਤੀ ਦੇ ਕਰਮਾਂ ਵਿੱਚ ਰਾਜ ਕਰੇਗਾ ਖ਼ਾਲਸਾ ਦੇ ਸੰਕਲਪ ਤਹਿਤ ਰਾਜਭਾਗ ਸਥਾਪਿਤ ਕਰਨ ਲਈ ਪੰਥਕ ਪਾਰਟੀ ਖੜੀ ਕਰਨ ਦੀ ਆਗਿਆ ਬਖ਼ਸ਼ੋ ਜੀ, ਸੰਗਤਾਂ ਦੀ ਹਿਮਾਇਤ ਬਖ਼ਸ਼ੋ ਜੀ ਤਾਂ ਕਿ ਪਾਰਟੀ ਦਾ ਨਾਮ , ਨਿਸ਼ਾਨਾਂ ,ਵਿਧਾਨ ਤੇ ਜਥੇਬੰਦਕ ਢਾਂਚਾ ਸਿਰਜ ਕਿ ਪੰਜਾਬ ਦੀ ਪਵਿੱਤਰ ਧਰਤੀ ਦੇ ਲੋਕਾਂ ਲਈ ਸਰਬੱਤ ਦੇ ਭਲੇ ਵਾਲਾ ਸਦੀਵੀ ਰਾਜ ਭਾਗ ਸਥਾਪਿਤ ਕਰ ਸਕੀਏ ਜੀ ।

ਪੰਜਾਬ ਉਪਰ ਹੁਣ ਤੱਕ ਰਾਜ ਕਰ ਰਹੀਆਂ ਰਾਜਸੀ ਧਿਰਾਂ ਨੇ ਚਾਹੇ ਉਹ ਆਪਣੇ ਆਪ ਨੂੰ ਅਕਾਲੀ ਹੀ ਕਹਾਉਂਦੇ ਸਨ ਪਰ ਉਨ੍ਹਾਂ ਨੇ ਵੀ ਕਦੇ ਸਤਿਗੁਰੂ ਹਰਿਗੋਬਿੰਦ ਪਾਤਸ਼ਾਹ ਵੱਲੋਂ ਬਖ਼ਸ਼ੇ ਮੀਰੀ ਪੀਰੀ ਦੇ ਸਿਧਾਂਤ ਤਹਿਤ ਰਾਜ ਕਰਨ ਨੂੰ ਲਾਗੂ ਨਹੀਂ ਹੋਣ ਦਿੱਤਾ । ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਪਿਛਲੇ ਲੰਮੇ ਸਮੇਂ ਤੋਂ ਬਾਦਲ ਪਰਿਵਾਰ ਵੱਲੋਂ ਭੇਜੇ ਸੀਲਬੰਦ ਲਿਫ਼ਾਫ਼ੇ ਵਿੱਚੋਂ ਨਿਕਲਦਾ ਰਿਹਾ, ਜਿਸ ਕਾਰਨ ਸਿੱਖ ਫ਼ਲਸਫ਼ੇ ਨੂੰ ਸਿੱਖ ਰਾਜਨੀਤੀ ਵਿੱਚ ਲਾਗੂ ਹੋਣ ਦੇ ਚਾਹਵਾਨ ਹਰੇਕ ਸਿੱਖ ਦਾ ਹਿਰਦਾ ਦੁਖੀ ਹੁੰਦਾ ਸੀ ।

ਇਹੀ ਨਹੀਂ ਪਿਛਲੇ ਸਮੇਂ ਦੌਰਾਨ ਪੰਜਾਬ ਤੇ ਰਾਜ ਕਰ ਚੁੱਕੀਆਂ ਧਿਰਾਂ ਨੇ ਉਲਟਾ ਧਰਮ ਦਾ ਕਾਰਜ ਕਰ ਰਹੀਆਂ ਧਿਰਾਂ ਨਾਲ ਟਕਰਾਅ ਹੀ ਰੱਖਿਆ ਤੇ ਧਰਮੀ ਧਿਰਾਂ ਉਪਰ ਜ਼ੁਲਮ ਹੀ ਢਾਹਿਆ ਚਾਹੇ ਉਹ ਕਾਂਗਰਸ ਚਾਹੇ ਭਾਜਪਾ ਚਾਹੇ ਅਖੌਤੀ ਅਕਾਲੀ ਤੇ ਹੁਣ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਹੋਵੇ ।ਪਿਛਲੇ ਸਮੇਂ ਵਿੱਚ ਰਹੀਆਂ ਸਰਕਾਰਾਂ ਦੇ ਹਰੇਕ ਲੈਵਲ ਦੇ ਲੀਡਰ ਨੇ ਪੈਸੇ ਦੀ ਖ਼ਾਤਰ ਜਵਾਨੀ ਨੂੰ ਧਰਮ ਤੋਂ ਦੂਰ ਕਰਕੇ ਨਸ਼ੇ ਵਿੱਚ ਗ.ਲਤਾਨ ਕੀਤਾ ਤੇ ਜਦੋਂ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਨੇ ਖ਼ਾਲਸਾ ਵਹੀਰ ਰਾਹੀਂ ਨਸ਼ੇ ਛੁਡਾ ਕੇ ਅੰਮ੍ਰਿਤ ਛਕਾਉਣ ਦੀ ਲਹਿਰ ਚਲਾ ਕੇ ਆਪਣੇ ਕੌਮੀ ਨਿਸ਼ਾਨੇ ਪ੍ਰਤੀ ਜਾਗਰੂਕ ਕਰਨ ਦਾ ਕਾਰਜ ਸ਼ੁਰੂ ਕੀਤਾ ਤਾਂ ਐਨ ਐਸ ਏ ਲਗਾ ਕੇ ਹਜ਼ਾਰਾਂ ਮੀਲ ਦੂਰ ਡਿਬਰੂਗੜ ਜੇਲ੍ਹ ਭੇਜ ਦਿੱਤਾ ।ਆਮ ਆਦਮੀ ਦੀ ਸਰਕਾਰ ਦੇ ਇਸ ਜ਼ੁਲਮ ਨੂੰ ਕੀ ਕਾਂਗਰਸੀ ਕੀ ਭਾਜਪਾਈ ਕੀ ਰਵਾਇਤੀ ਅਕਾਲੀ ਸਭ ਨੇ ਪੂਰੀ ਹਿਮਾਇਤ ਦਿੱਤੀ। ਸੋ ਸਿੱਖਾਂ ਕੋਲ ਸਭ ਤੋਂ ਸੁਪਰੀਮ ਅਕਾਲ ਤਖ਼ਤ ਸਾਹਿਬ ਸਾਡੀ ਸਰਵ ਉੱਚ ਅਦਾਲਤ ਏ । ਜੇ ਰੋਣਾ ਤਾਂ ਵੀ ਓਥੇ ਜੇ ਹੱਸਣਾ ਤਾਂ ਵੀ ਓਥੇ। ਇਹ ਸਾਡਾ ਇਤਿਹਾਸ ਵੀ ਰਿਹਾ ਏ ਕਿ ਜਿਹੜੇ ਪੰਥ ਨਾਲ ਟੱਕਰਾਂ ਮਾਰਦੇ ਆ ਉਹਨਾਂ ਦਾ ਰਿਹਾ ਕੱਖ ਨਹੀਂ। ਤਾਜ਼ੀਆਂ ਉਦਾਹਰਨਾਂ ਤੁਹਾਨੂੰ ਮਿਲ ਵੀ ਰਹੀਆਂ। ਜਦੋਂ ਜਦੋਂ ਵੀ ਸਿੱਖ ਜ਼ੁਲਮ ਦਾ ਸ਼ਿਕਾਰ ਹੋਏ ਆ ਤੇ ਬੇਵੱਸ ਹੁੰਦੇ ਆ ਓਦੋਂ ਸਿਰਫ਼ ਅਰਦਾਸ ਸਹਾਈ ਹੁੰਦੀ ਏ। ਸੋ ਅੱਜ ਅਕਾਲ ਸਾਹਿਬ ਤੇ ਪਹੁੰਚ ਕੇ ਅੰਮ੍ਰਿਤਪਾਲ ਸਿੰਘ ਖ਼ਾਲਸਾ ਵਹੀਰ ਦੀ ਟੀਮ ਵੱਲੋਂ ਬੇਨਤੀਆਂ ਕੀਤੀਆਂ ਗਈਆਂ ਕਿ ਮੀਰੀ ਪੀਰੀ ਦੇ ਮਾਲਕ ਸਤਿਗੁਰੂ ਹਰਿਗੋਬਿੰਦ ਸਾਹਿਬ ਸੱਚੇ ਪਾਤਸ਼ਾਹ ਆਪ ਜੀ ਵੱਲੋਂ ਸਿਰਜੇ ਸ਼੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਹੇਠ ਖੜੇ ਹੋ ਕੇ ਸਤਿਗੁਰੂ ਹਰਗੋਬਿੰਦ ਪਾਤਸ਼ਾਹ ਜੀ ਆਪ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕਰਦੇ ਹਾਂ ਕਿ "ਅੰਮ੍ਰਿਤਪਾਲ ਸਿੰਘ ਖ਼ਾਲਸਾ ਖ਼ਾਲਸਾ ਵਹੀਰ ਵਾਲੇ ਦੀ ਟੀਮ ਆਪ ਦੇ ਚਰਨਾਂ ਵਿੱਚ ਬੇਨਤੀ ਕਰਦੀ ਹੈ ਕਿ ਪੰਜਾਬ ਦੀ ਧਰਤੀ ਦੇ ਕਰਮਾਂ ਵਿੱਚ ਰਾਜ ਕਰੇਗਾ ਖ਼ਾਲਸਾ ਦੇ ਸੰਕਲਪ ਤਹਿਤ ਰਾਜਭਾਗ ਸਥਾਪਿਤ ਕਰਨ ਲਈ ਪੰਥਕ ਪਾਰਟੀ ਖੜੀ ਕਰਨ ਦੀ ਆਗਿਆ ਬਖ਼ਸ਼ੋ ਜੀ , ਸੰਗਤਾਂ ਦੀ ਹਿਮਾਇਤ ਬਖ਼ਸ਼ੋ ਜੀ ਤਾਂ ਕਿ ਪਾਰਟੀ ਦਾ ਨਾਮ , ਨਿਸ਼ਾਨਾਂ ,ਵਿਧਾਨ ਤੇ ਜਥੇਬੰਦਕ ਢਾਂਚਾ ਸਿਰਜ ਕਿ ਪੰਜਾਬ ਦੀ ਪਵਿੱਤਰ ਧਰਤੀ ਦੇ ਲੋਕਾਂ ਲਈ ਸਰਬੱਤ ਦੇ ਭਲੇ ਵਾਲਾ ਸਦੀਵੀ ਰਾਜ ਭਾਗ ਸਥਾਪਿਤ ਕਰ ਸਕੀਏ ਜੀ"। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਬਾਪੂ ਤਰਸੇਮ ਸਿੰਘ ਨੇ ਕਿਹਾ ਕਿ ਪੰਜਾਬ ਨਾਲ ਆਰਥਿਕ, ਧਾਰਮਿਕ ਤੇ ਸਮਾਜਿਕ ਪੱਧਰ ਦੇ ਉੱਤੇ ਲਗਾਤਾਰ ਧੱਕਾ ਹੋ ਰਿਹਾ ਹੈ। ਇਨਸਾਫ਼ ਕਿਧਰੇ ਵੀ ਨਜ਼ਰ ਨਹੀਂ ਆ ਰਿਹਾ। ਪੰਜਾਬ ਦੇ ਹਾਲਾਤ ਬਦ ਤੋਂ ਬਦਤਰ ਹੁੰਦੇ ਜਾ ਰਹੇ ਹਨ, ਫਿਰੌਤੀਆਂ ਨੇ ਹਰੇਕ ਇਨਸਾਨ ਦਾ ਜੀਵਨ ਦੁੱਭਰ ਕੀਤਾ ਹੋਇਆ ਹੈ ।ਇਸ ਵੇਲੇ ਪੰਜਾਬ ਦਾ ਹਰੇਕ ਫ਼ੈਸਲਾ ਦਿੱਲੀ ਤੋਂ ਹੋ ਰਿਹਾ ਹੈ। ਪੰਜਾਬ ਚ ਕੋਈ ਵੀ ਖੇਤਰੀ ਸਿਆਸੀ ਪਾਰਟੀ ਦੀ ਵਜੂਦ ਨਹੀਂ ਰਹੀ ਹੈ। ਇਸ ਮੌਕੇ ਸਿੱਖ ਹਿੱਤਾਂ ਦੀ ਰਾਖੀ ਲਈ ਲੋਕ ਨਵੀਂ ਧਿਰ ਦੀ ਜ਼ਰੂਰਤ ਨੂੰ ਸ਼ਿੱਦਤ ਨਾਲ ਮਹਿਸੂਸ ਕਰਦੇ ਹਨ। ਪੰਜਾਬ ਦੀ ਪਵਿੱਤਰ ਧਰਤੀ ਤੇ ਕਿਵੇਂ ਗੁਰੂ ਆਸ਼ੇ ਅਨੁਸਾਰ ਸਿਸਟਮ ਦੇਣਾ ਹੈ ਬਣਾਉਣਾ ਹੈ,ਇਹ ਫ਼ੈਸਲਾ ਸੰਗਤ ਹੀ ਕਰੇਗੀ ਬੰਦ ਲਿਫ਼ਾਫ਼ੇ ਵਾਲਾ ਕਲਚਰ ਖ਼ਤਮ ਕਰਨ ਦਾ ਸਮਾਂ ਆ ਗਿਆ ਹੈ ਅੱਜ ਇਸ ਧਰਤੀ ਤੇ ਦਰਪੇਸ਼ ਚੁਨੌਤੀਆਂ, ਸਰੋਕਾਰਾਂ ਅਤੇ ਮੁੱਦਿਆਂ ਨੂੰ ਹੱਲ ਕਰਨ ਲਈ ਜਾਤ ਪਾਤ ਤੋਂ ਉੱਪਰ ਉੱਠ ਕੇ ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ ਦੇ ਸਿਧਾਂਤ ਨਾਲ ਕੰਮ ਕਰਨ ਦੀ ਲੋੜ ਹੈ। ਇਸ ਪਾਰਟੀ 'ਚ ਈਰਖਾ ਅਤੇ ਨਫ਼ਰਤ ਲਈ ਕੋਈ ਜਗ੍ਹਾ ਨਹੀਂ ਹੋਵੇਗੀ ।ਇਸ ਲਈ ਸਤਿਗੁਰੂ ਹਰਿਗੋਬਿੰਦ ਸਾਹਿਬ ਮੀਰੀ ਪੀਰੀ ਦੇ ਮਾਲਕ ਦੇ ਦਰ ਤੇ ਰਾਜ ਕਰੇਗਾ ਖ਼ਾਲਸਾ ਦੇ ਸੰਕਲਪ ਤੇ ਸਰਬੱਤ ਦੇ ਭਲੇ ਵਾਲਾ ਰਾਜ ਸਥਾਪਿਤ ਕਰਨ ਲਈ ਪਾਰਟੀ ਦਾ ਨਾਮ ਨਿਸ਼ਾਨਾਂ ਢਾਂਚਾ ਖੜ੍ਹਾ ਕਰਨ ਤੋਂ ਪਹਿਲਾਂ ਅਰਦਾਸ ਕਰਕੇ ਆਗਿਆ ਲਈ ਹੈ ਸੋ ਜੋ ਵੀ ਇਸ ਕਾਰਜ ਵਿੱਚ ਜੁੜਨਾ ਚਾਹੁੰਦਾ ਇਸ ਲਿੰਕ ਤੇ ਸੰਪਰਕ ਕਰੇ Waheer.com/new ਵੱਲੋਂ ਅੰਮ੍ਰਿਤਪਾਲ ਸਿੰਘ ਦੇ ਪਿਤਾ ਜੀ ਬਾਪੂ ਤਰਸੇਮ ਸਿੰਘ ਚਾਚਾ ਸੁਖਚੈਨ ਸਿੰਘ, ਸੁਖਵਿੰਦਰ ਸਿੰਘ ਅਗਵਾਨ, ਗੁਰਸੇਵਕ ਸਿੰਘ ਜਵਾਹਰਕੇ ਭਾਈ ਚਮਕੌਰ ਸਿੰਘ ਤੇ ਸਮੂਹ ਟੀਮ ਅੰਮ੍ਰਿਤਪਾਲ ਸਿੰਘ ਖ਼ਾਲਸਾ ਵਹੀਰ ਵਾਲੇ। ••

**ਸਤਿਗੁਰੂ ਹਰਗੋਬਿੰਦ ਪਾਤਸ਼ਾਹ ਦੇ ਚਰਨਾਂ ਵਿੱਚ ਅੰਮ੍ਰਿਤਪਾਲ ਸਿੰਘ ਖ਼ਾਲਸਾ ਦੀ ਟੀਮ ਵੱਲੋਂ ਕੀਤੀ ਅਰਦਾਸ ਬੇਨਤੀ ਕਿ "ਪੰਜਾਬ ਦੀ ਧਰਤੀ ਦੇ ਕਰਮਾਂ ਵਿੱਚ ਰਾਜ ਕਰੇਗਾ ਖ਼ਾਲਸਾ ਦੇ ਸੰਕਲਪ ਤਹਿਤ ਰਾਜਭਾਗ ਸਥਾਪਿਤ ਕਰਨ ਲਈ ਪੰਥਕ ਪਾਰਟੀ ਖੜੀ ਕਰਨ ਦੀ ਆਗਿਆ ਬਖ਼ਸ਼ੋ ਜੀ , ਸੰਗਤਾਂ ਦੀ ਹਿਮਾਇਤ ਬਖ਼ਸ਼ੋ ਜੀ ਤਾਂ ਕਿ ਪਾਰਟੀ ਦਾ ਨਾਮ , ਨਿਸ਼ਾਨਾਂ, ਵਿਧਾਨ ਤੇ ਜਥੇਬੰਦਕ ਢਾਂਚਾ ਸਿਰਜ ਕਿ ਪੰਜਾਬ ਦੀ ਪਵਿੱਤਰ ਧਰਤੀ ਦੇ ਲੋਕਾਂ ਲਈ ਸਰਬੱਤ ਦੇ ਭਲੇ ਵਾਲਾ ਸਦੀਵੀ ਰਾਜ ਭਾਗ ਸਥਾਪਿਤ ਕਰ ਸਕੀਏ ਜੀ।**

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਮਾਲਵਾ ਵੈਲਫੇਅਰ ਕਲੱਬ ਵੱਲੋਂ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ

# ਖੂਨਦਾਨ ਤੇ ਮੈਡੀਕਲ ਕੈਂਪ ਲਗਾਇਆ








**ਤਲਵੰਡੀ ਸਾਬੋ, 29 ਸਤੰਬਰ (ਗੁਰਜੰਟ ਸਿੰਘ ਨਥੇਹਾ)**- ਇਲਾਕੇ ਦੀ ਨਾਮੀ ਸਮਾਜ ਸੇਵੀ ਸੰਸਥਾ ਮਾਲਵਾ ਵੈਲਫੇਅਰ ਕਲੱਬ ਵੱਲੋਂ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਖੂਨਦਾਨ ਕੈਂਪ ਅਤੇ ਮੈਡੀਕਲ ਕੈਂਪ ਲਗਾਇਆ ਗਿਆ। ਇਸ ਕੈਂਪ ਦਾ ਉਦਘਾਟਨ ਮੁੱਖ ਮਹਿਮਾਨ ਰਘਵੀਰ ਸਿੰਘ ਮਾਨ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਬਠਿੰਡਾ ਵੱਲੋਂ ਕੀਤਾ ਗਿਆ। ਪ੍ਰੋਗਰਾਮ ਵਿੱਚ ਵਿਸ਼ੇਸ਼ ਮਹਿਮਾਨ ਰਣਜੀਤ ਸਿੰਘ ਮਲਕਾਣਾ ਮੈਨੇਜਰ ਖਾਲਸਾ ਸਕੂਲ ਅਤੇ ਪ੍ਰਿੰਸੀਪਲ ਬਿਕਰਮਜੀਤ ਸਿੰਘ ਸਿੱਧੂ ਖਾਲਸਾ ਸਕੂਲ ਪਹੁੰਚੇ।ਕਲੱਬ ਸਰਪਰਸਤ ਅੰਮ੍ਰਿਤਪਾਲ ਬਰਾੜ ਅਤੇ ਚੇਅਰਮੈਨ ਸ਼ੇਖਰ ਤਲਵੰਡੀ ਦੁਆਰਾ ਸਾਰਿਆਂ ਨੂੰ ਜੀ ਆਇਆਂ ਕਿਹਾ ਗਿਆ ਅਤੇ ਕਲੱਬ ਦੀਆਂ ਗਤੀਵਿਧੀਆਂ ਬਾਰੇ ਦੱਸਿਆ ਗਿਆ। ਕਲੱਬ ਪ੍ਰਧਾਨ ਵਿਕਾਸ ਸਿੰਗਲਾ ਅਤੇ ਸਕੱਤਰ ਗਗਨਦੀਪ ਹੈਪੀ ਨੇ ਦੱਸਿਆਂ ਕਿ ਸਰਕਾਰੀ ਬਲੱਡ ਬੈਂਕ ਬਠਿੰਡਾ ਦੀ ਟੀਮ ਦੁਆਰਾ ਇਸ ਕੈਂਪ ਵਿੱਚ ਬਲੱਡ ਦੀਆਂ 40 ਦੇ ਕਰੀਬ ਯੂਨਿਟਾਂ ਇਕੱਤਰ ਕੀਤੀਆਂ ਗਈਆਂ। ਇਸ ਕੈਂਪ ਵਿੱਚ ਕ੍ਰਿਸਟਲ ਹਸਪਤਾਲ ਬਠਿੰਡਾ ਦੇ ਡਾਕਟਰ ਪ੍ਰਿੰਸ ਗਰਗ ਅਤੇ ਡਾਕਟਰ ਗੀਤਿਕਾ ਬਾਂਸਲ ਦੁਆਰਾ ਮਰੀਜ਼ਾਂ ਦਾ ਚੈੱਕ ਅੱਪ ਕੀਤਾ ਗਿਆ ਅਤੇ ਮੌਕੇ ਤੇ ਲੋੜੀਂਦੇ ਟੈਸਟ ਅਤੇ ਦਵਾਈਆਂ ਮਰੀਜ਼ਾਂ ਨੂੰ ਮੁਫ਼ਤ ਦਿੱਤੀਆਂ ਗਈਆਂ। ਇਸ ਕੈਂਪ ਵਿੱਚ ਤਰਸੇਮ ਸਿੰਗਲਾ, ਗੁਰਦੀਪ ਤੂਰ, ਗੁਰਚਰਨ ਸਿੰਘ ਬੀਐਸਸੀ, ਬਰਿੰਦਰਪਾਲ ਮਹੇਸ਼ਵਰੀ, ਡਾ. ਨਵਦੀਪ ਕਾਲੜਾ, ਡਾ. ਪਰਸ਼ੋਤਮ ਸਿੰਘ, ਸਹਾਰਾ ਕਲੱਬ ਵੱਲੋਂ ਗੁਰਦੇਵ ਸਿੰਘ ਚੱਠਾ ਪਹੁੰਚੇ।ਕਲੱਬ ਵੱਲੋਂ ਖੂਨਦਾਨੀਆਂ ਨੂੰ ਰਿਫਰੈਸ਼ਮੈਂਟ ਅਤੇ ਸਨਮਾਨ ਚਿੰਨ ਦੁਆਰਾ ਸਨਮਾਨ ਕੀਤਾ ਗਿਆ, ਕਲੱਬ ਖਜਾਨਚੀ ਮਨਦੀਪ ਸਿੰਘ ਧਾਲੀਵਾਲ ਦੁਆਰਾ ਸਾਰਿਆਂ ਦਾ ਧੰਨਵਾਦ ਕੀਤਾ ਗਿਆ। ਮੁੱਖ ਮਹਿਮਾਨਾਂ ਵੱਲੋਂ ਕਲੱਬ ਦੇ ਕੀਤੇ ਜਾ ਰਹੇ ਸਮਾਜ ਭਲਾਈ ਕੰਮਾਂ ਦੀ ਸ਼ਲਾਘਾ ਕੀਤੀ ਗਈ। ਇਸ ਸਮੇਂ ਕਲੱਬ ਦੇ ਅਹੁਦੇਦਾਰ ਅਤੇ ਮੈਂਬਰ ਰਾਜਿੰਦਰ ਚੱਠਾ, ਸ਼ੁਭਦੀਪ ਸਿੰਘ, ਅਰਸ਼ਦੀਪ ਗਿੱਲ, ਵਿਜੈ ਪਾਲ ਚੌਧਰੀ, ਜਗਨਦੀਪ ਸਿੰਘ, ਅਮਨਦੀਪ ਸਿੰਘ, ਸੁਖਵਿੰਦਰ ਸਿੰਘ, ਰਜਤ ਕੁਮਾਰ, ਬਲਵਿੰਦਰ ਬੱਡੂ, ਰਣਜੀਤ ਸਿੰਘ ਬਰਾੜ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

### ਜਸਵੰਤ ਸਿੰਘ ਥਿੰਦ ਸਰਬ ਸੰਮਤੀ ਨਾਲ

# ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਫਿਰੋਜ਼ਪੁਰ (ਦਿਹਾਤੀ) ਦੇ ਜਿਲਾ ਪ੍ਰਧਾਨ ਬਣੇ

☛ ਜਸਬੀਰ ਸਿੰਘ ਕੰਬੋਜ ਚੇਅਰਮੈਨ ਬਣੇ ☛ ਨਵੇ ਬਣੇ ਸਾਰੇ ਹੀ ਆਹੁਦੇਦਾਰਾ ਨੂੰ ਦਿ ਡਿਸਟ੍ਰਿਕ ਪ੍ਰੈਸ ਕਲੱਬ ਫਿਰੋਜ਼ਪੁਰ ਐਂਡ ਵੈਲਫੇਅਰ ਸੋਸਾਇਟੀ ਦੀ ਸਮੂਹ ਟੀਮ ਵਲੋ ਮੁਬਾਰਕਬਾਦ ਦਿੱਤੀ ਗਈ।



**ਫਿਰੋਜ਼ਪੁਰ, 29 ਸਤੰਬਰ (ਸੁਖਮੰਦਰ ਸਿੰਘ ਸ਼ਾਂਤ)**- ਫਿਰੋਜ਼ਪੁਰ ਦਿਹਾਤੀ ਦੇ ਵੱਖ ਵੱਖ ਕਸਬਿਆਂ ਮਮਦੋਟ,ਮੱਲਾਂਵਾਲਾ, ਮੁਦਕੀ, ਤਲਵੰਡੀ ਭਾਈ , ਮਖੂ ਦੇ ਪੱਤਰਕਾਰਾਂ ਦੀ ਇੱਕ ਵਿਸ਼ੇਸ਼ ਮੀਟਿੰਗ ਬਲਬੀਰ ਜੰਡੂ ਪ੍ਰਧਾਨ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਅਤੇ ਬਲਵਿੰਦਰ ਜੰਮੂ ਚੇਅਰਮੈਨ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਪੰਜਾਬ ਕਾਰਜਕਾਰਨੀ ਮੈਂਬਰ ਬਲਦੇਵ ਸ਼ਰਮਾ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਮੀਟਿੰਗ ਦੌਰਾਨ ਸਰਬ ਸੰਮਤੀ ਨਾਲ ਜਸਵੰਤ ਸਿੰਘ ਥਿੰਦ ਨੂੰ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਫਿਰੋਜ਼ਪੁਰ ਦਿਹਾਤੀ ਦਾ ਪ੍ਰਧਾਨ ਚੁਣ ਲਿਆ ਗਿਆ। ਇਸ ਮੌਕੇ ਜਸਬੀਰ ਸਿੰਘ ਕੰਬੋਜ ਮਮਦੋਟ ਚੇਅਰਮੈਨ, ਸੁਰਜਨ ਸਿੰਘ ਮੱਲਾਂ ਵਾਲਾ ਸਰਪ੍ਰਸਤ, ਜਸਪਾਲ ਸਿੰਘ ਮੱਲਾਂਵਾਲਾ ਸੀਨੀਅਰ ਮੀਤ ਪ੍ਰਧਾਨ, ਜਗਦੀਸ਼ ਪਾਲ ਤਲਵੰਡੀ ਭਾਈ ਸੀਨੀਅਰ ਮੀਤ ਪ੍ਰਧਾਨ, ਰਵਿੰਦਰ ਕਾਲਾ ਮਮਦੋਟ ਮੀਤ ਪ੍ਰਧਾਨ, ਬਲਵੀਰ ਸਿੰਘ ਲਹਿਰਾ ਮਖੂ ਜਨਰਲ ਸਕੱਤਰ, ਰਵਿੰਦਰ ਸਿੰਘ ਬਜਾਜ ਤਲਵੰਡੀ ਭਾਈ ਸਕੱਤਰ,ਸੁਦੇਸ਼ ਕੁਮਾਰ ਹੈਪੀ ਮੁਦਕੀ ਪ੍ਰੈਸ ਸਕੱਤਰ,ਕੁਲਵਿੰਦਰ ਸਿੰਘ ਖਜਾਨਚੀ, ਰਛਪਾਲ ਸਿੰਘ ਸੰਧੂ ਮਖੂ ਮੁੱਖ ਸਲਾਹਕਾਰ, ਅਤੇ ਗੁਰਪ੍ਰੀਤ ਸਿੰਘ ਸੰਧੂ ਮਮਦੋਟ ਨੂੰ ਸਕੱਤਰ ਬਣਾਇਆ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਪ੍ਰਧਾਨ ਜਸਵੰਤ ਸਿੰਘ ਥਿੰਦ ਨੇ ਕਿਹਾ ਕਿ ਪੱਤਰਕਾਰਾਂ ਨੂੰ ਕਿਸੇ ਕਿਸਮ ਦੀ ਮੁਸ਼ਿਕਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ 9 ਉਹਨਾਂ ਕਿਹਾ ਕਿ ਫਿਰੋਜ਼ਸ਼ਾਹ ਟੋਲ ਪਲਾਜਾ ਅਤੇ ਕੋਟ ਕਰੋੜ ਟੋਲ ਪਲਾਜੇ ਪੱਤਰਕਾਰਾਂ ਨੂੰ ਛੋਟ ਦਿਵਾਉਣ ਸਬੰਧੀ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਨੂੰ ਜਲਦ ਹੀ ਇੱਕ ਵਫਦ ਲੈ ਕੇ ਮਿਲਿਆ ਜਾਵੇਗਾ। ਇਸ ਮੋਕੇ ਤੇ ਫਿਰੋਜ਼ਪੁਰ ਦਿਹਾਤੀ ਏਰੀਏ ਤੋ ਸੰਬੰਧਿਤ ਪੱਤਰਕਾਰਾਂ ਤੋ ਇਲਾਵਾ ਦਿ ਡਿਸਟ੍ਰਿਕ ਪ੍ਰੈਸ ਕਲੱਬ ਫਿਰੋਜ਼ਪੁਰ ਐਂਡ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਅਸ਼ੋਕ ਭਾਰਦਵਾਜ,ਚੇਅਰਮੈਨ ਸ਼ੁਭਾਸ ਆਨੰਦ,ਵਾਇਸ ਪ੍ਰਧਾਨ ਅਰੁਣ ਮਹਿਰਾ,ਜਰਨਲ ਸਕੱਤਰ ਪਰੇਸ਼ ਕੁਮਾਰ, ਖਜਾਨਚੀ ਸ਼ਿਵਮ ਸੇਠੀ,ਮੀਡੀਆ ਸਲਾਹਕਾਰ ਰਾਜ ਕੁਮਾਰ,ਅਨਮੋਲ ਰਤਨ,ਸੁਖਮੰਦਰ ਸ਼ਾਤ,ਕੋਸ਼ਲ ਗਾਂਧੀ,ਗੁਰਪ੍ਰੀਤ ਸਿੰਘ,ਰਿੰਕੂ ਮਹਿਤਾ,ਕੈਲਾਸ਼ ਸ਼ਰਮਾਂ,ਪ੍ਰਗਟ ਸਿੰਘ,ਅਜੇ ਸ਼ਰਮਾਂ,ਹਨੀ ਘਾਰੂ ਆਦਿ ਤੋ ਇਲਾਵਾ ਕੁੱਝ ਹੋਰ ਵੀ ਸਾਥੀ ਹਾਜਿਰ ਰਹੇ ਤੇ ਸਮੂਹ ਟੀਮ ਨੇ ਨਵੀ ਬਣੀ ਹਲਕਾ ਫਿਰੋਜ਼ਪੁਰ ਦਿਹਾਤੀ ਦੀ ਪੂਰੀ ਬਾਡੀ ਨੂੰ ਮੁਬਾਰਕਬਾਦ ਦਿੱਤੀ ਤੇ ਸ਼ੁਭਕਾਮਨਾਵਾਂ ਦਿੱਤੀਆਂ।

ਆਵਾਜ਼ਿ ਕੌਮ AWAZE QAUM International Newspaper & WEB TV

# ਪ੍ਰਿੰਸ ਗੁੰਮਟਾਲਾ ਐਨ.ਜੀ.ਓ ਮਾਂਝਾ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਚੁਣੇ ਗਏ



**ਚੌਕ ਮਹਿਤਾ, 29 ਸਤੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)** -ਸਮਾਜ ਸੇਵੀਂ ਕਾਰਜਾਂ ਨੂੰ ਮਿਲਕੇ ਕਰਨ ਅਤੇ ਲੋਕਾਂ ਨੂੰ ਸਮਾਜਿਕ ਕੁਰੀਤੀਆਂ ਵਿਰੁੱਧ ਲਾਮਬੰਦ ਕਰਨ ਲਈ ਅੱਜ ਰੋਇਲ ਮਾਰਕੀਟ ਏਅਰਪੋਰਟ ਰੋਡ ਵਿੱਚ ਐਨ.ਜੀ.ਓ ਮਾਂਝਾ ਵੈਲਫੇਅਰ ਸੋਸਾਇਟੀ ਦਾ ਗਠਨ ਕੀਤਾ ਗਿਆ ।ਜਿਸ ਵਿੱਚ ਸਰਬਸੰਮਤੀ ਨਾਲ ਉਘੇ ਸਮਾਜ ਸੇਵੀਂ ਗੁਰਪ੍ਰੀਤ ਸਿੰਘ ਪ੍ਰਿੰਸ ਗੁੰਮਟਾਲਾ ਨੂੰ ਸੋਸਾਇਟੀ ਦਾ ਪ੍ਰਧਾਨ ਚੁਣਿਆ ਗਿਆ ।ਇਸ ਮੌਕੇ ਸਭ ਮੈਬਰਾਂ ਨੇ ਸਮਾਜ ਸੇਵੀ ਕਾਰਜਾਂ ਵਿੱਚ ਵੱਧ ਚੜ੍ਹਕੇ ਹਿੱਸਾ ਲੈਣ ਦਾ ਪ੍ਰਣ ਲਿਆ ਅਤੇ ਸੋਸਾਇਟੀ ਲਈ ਤਨ,ਮਨ ਅਤੇ ਧਨ ਨਾਲ ਸਹਿਯੋਗ ਕਰਨ ਦਾ ਭਰੋਸਾ ਦਿਵਾਇਆ ।ਇਸ ਮੌਕੇ ਨਵ-ਨਿਯੁਕਤ ਪ੍ਰਧਾਨ ਪ੍ਰਿੰਸ ਗੁੰਮਟਾਲਾ ਨੇ ਸਾਰੇ ਮੈਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਜਿਹੜੀ ਸੇਵਾ ਉਨ੍ਹਾਂ ਨੂੰ ਸੌਪੀ ਗਈ ਹੈ ਉਹ ਉਸਨੂੰ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣਗੇ ।ਪ੍ਰਿੰਸ ਗੁੰਮਟਾਲਾ ਨੇ ਕਿਹਾ ਕਿ ਸੋਸਾਇਟੀ ਦਾ ਮੁੱਖ ਮਕਸਦ ਸਮਾਜ ਸੇਵੀਂ ਕਾਰਜ ਕਰਨੇ ਹਨ ਅਤੇ ਲੋਕਾਂ ਨੂੰ ਸਮਾਜਿਕ ਬੁਰਾਈਆਂ ਵਿਰੁੱਧ ਜਾਗਰੂਕ ਕਰਨਾ ਹੈ ।ਇਸ ਮੌਕੇ ਤਰਸੇਮ ਸਿੰਘ,ਗੁਰਭੇਜ ਸਿੰਘ,ਡਾ.ਚੰਦਰੇਸ਼ ਲਖੇਰਾ,ਬਚਿੱਤਰ ਸਿੰਘ,ਗੁਰਜੀਤ ਸਿੰਘ,ਸਰਬ ਸੰਧੂ,ਗੁਰਸੇਵਕ ਸਿੰਘ,ਨਵਦੀਪ ਸਿੰਘ,ਜਗਤਾਰ ਸਿੰਘ,ਬਨੀਤ ਸਿੰਘ,ਅਮਰਦੀਪ ਸਿੰਘ ਰਾਣਾ,ਡਾ.ਅਜਮੇਰ ਸਿੰਘ ਸੰਧੂ,ਹਰਪ੍ਰੀਤ ਸਿੰਘ ਵਿੱਕੀ, ਕੰਵਲਜੀਤ ਸਿੰਘ ਵਾਲੀਆ,ਮਲਕੀਅਤ ਸਿੰਘ ਨੀਟਾ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਸਰੋਜਨੀ ਨਗਰ ਮਾਰਕੀਟ ਵਿੱਚ ਸਿੱਖ ਨੌਜਵਾਨਾਂ ਦੀ ਕੁੱਟਮਾਰ, ਦਸਤਾਰ ਦੀ ਹੋਈ ਬੇਅਦਬੀ



**ਨਵੀਂ ਦਿੱਲੀ, 29 ਸੰਤਬਰ (ਮਨਪ੍ਰੀਤ ਸਿੰਘ ਖਾਲਸਾ)**-ਦਿੱਲੀ ਯੂਨੀਵਰਸਿਟੀ (ਡੀਯੂ) ਦੇ ਗੁਰੂ ਤੇਗ ਬਹਾਦਰ ਕਾਲਜ ਵਿੱਚ ਇੱਕ ਸਿੱਖ ਵਿਦਿਆਰਥੀ ਨਾਲ ਕੁੱਟਮਾਰ ਅਤੇ ਬੇਅਦਬੀ ਦੀ ਖ਼ਬਰ ਹਾਲੇ ਸੁਰਖੀਆਂ ਤੋਂ ਹਟੀ ਨਹੀਂ ਹੈ, ਸ਼ਿਨੱਚਰਵਾਰ ਦੁਪਹਿਰ ਨੂੰ ਦੱਖਣੀ ਦਿੱਲੀ ਦੇ ਸਰੋਜਨੀ ਨਗਰ ਮਾਰਕੀਟ ਵਿੱਚ ਦੋ ਸਿੱਖ ਨੌਜਵਾਨਾਂ ਨਾਲ ਹਾਕਰਾ ਵਲੋਂ ਕੀਤੀ ਗਈ ਲੜਾਈ ਦੀ ਘਟਨਾ ਸਾਹਮਣੇ ਆ ਗਈ ਹੈ । ਘਟਨਾ ਦੌਰਾਨ ਦੋਵਾਂ ਸਿੱਖ ਨੌਜਵਾਨਾਂ ਦੀਆਂ ਪੱਗਾਂ ਦੀ ਬੇਅਦਬੀਆਂ ਕਰਦਿਆਂ ਉਤਾਰ ਦਿੱਤੀਆਂ ਗਈਆਂ। ਘਟਨਾ ਦੀ ਸੂਚਨਾ ਮਿਲਦਿਆਂ ਹੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਤਨਾਮ ਸਿੰਘ ਖੀਵਾ ਮੌਕੇ ’ਤੇ ਪੁੱਜੇ। ਘਟਨਾ ਦੀ ਸੂਚਨਾ ਤੁਰੰਤ ਨਜ਼ਦੀਕੀ ਪੁਲਸ ਚੌਕੀ ਨੂੰ ਦਿੱਤੀ ਗਈ। ਇਸ ਪੂਰੇ ਮਾਮਲੇ ਵਿੱਚ ਪੁਲਿਸ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਹੈ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ ਦੋਵਾਂ ਪਾਸਿਆਂ ਤੋਂ ਪੁੱਛਗਿੱਛ ਜਾਰੀ ਹੈ। ਸ਼ਿਕਾਇਤ ਮਿਲਣ ’ਤੇ ਬਣਦੀ ਕਾਰਵਾਈ ਕੀਤੀ ਜਾਵੇਗੀ । ਮਿਲੀ ਜਾਣਕਾਰੀ ਅਨੁਸਾਰ ਪੰਜਾਬ ਦੇ ਦੋ ਸਿੱਖ ਨੌਜਵਾਨ ਗੁਰਜੋਤ ਸਿੰਘ ਅਤੇ ਭੁਵਨਦੀਪ ਸਿੰਘ ਸ਼ਨੀਵਾਰ ਨੂੰ ਸਰੋਜਨੀ ਨਗਰ ਮਾਰਕੀਟ ’ਚ ਕੁਝ ਖਰੀਦਦਾਰੀ ਕਰਨ ਗਏ ਸਨ। ਇਸ ਦੌਰਾਨ ਬਾਡੀ ਹਾਕਰ ਅਤਰ ਵੇਚ ਰਹੇ ਸਨ। ਦੱਸਿਆ ਜਾ ਰਿਹਾ ਹੈ ਕਿ ਕਿਸੇ ਗੱਲ ਨੂੰ ਲੈ ਕੇ ਦੋ ਨੌਜਵਾਨਾਂ ਅਤੇ ਹਾਕਰਾ ਵਿਚਕਾਰ ਝਗੜਾ ਹੋ ਗਿਆ। ਦੋਸ਼ ਹੈ ਕਿ ਇਸ ਦੌਰਾਨ ਬਾਡੀ ਹਾਕਰ ਨੇ ਆਪਣੇ ਕੁਝ ਹੋਰ ਸਾਥੀਆਂ ਨੂੰ ਬੁਲਾ ਕੇ ਮੌਕੇ ’ਤੇ ਬੁਲਾ ਲਿਆ। ਕਿਸੇ ਵੀ ਚੀਜ਼ ਨੂੰ ਸਮਝਣ ਤੋਂ ਪਹਿਲਾਂ, ਦੋਵਾਂ ਪਾਸਿਆਂ ਦੇ ਵਿਚਕਾਰ ਹੱਥਾਪਾਈ ਸ਼ੁਰੂ ਹੋ ਗਈ । ਮੌਕੇ ਤੇ ਪੁੱਜੇ ਸਤਨਾਮ ਸਿੰਘ ਨੇ ਦੱਸਿਆ ਕਿ ਦੋਵੇਂ ਨੌਜਵਾਨ ਜ਼ਖਮੀ ਹੋਏ ਹਨ, ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਭੇਜਿਆ ਗਿਆ ਹੈ। ਵੀਆਈਪੀਐਸ ਸਕੀਮ ਦੇ ਮੁੱਖੀ ਓਮ ਦੱਤ ਸ਼ਾਰਮਾ ਨੇ ਕਿਹਾ ਕਿ ਗ੍ਰਾਹਕ ਦੁਕਾਨਦਾਰਾਂ ਲਈ ਰੱਬ ਵਰਗਾ ਹੈ, ਉਨ੍ਹਾਂ ਨਾਲ ਕੁੱਟਮਾਰ ਵਰਗੀਆਂ ਘਟਨਾਵਾਂ ਨਹੀਂ ਹੋਣੀਆਂ ਚਾਹੀਦੀਆਂ। ਪੁਲਿਸ ਨਾਲ ਮਿਲ ਕੇ ਜਲਦੀ ਹੀ ਅਜਿਹੀਆਂ ਘਟਨਾਵਾਂ ’ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ।

ਆਵਾਜ਼ਿ ਕੌਮ AWAZE QAUM International Newspaper & WEB TV

ਸਤਿਕਾਰਯੋਗ ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਜੀ ਦੇ ਹੁਕਮਾਂ ਨੂੰ ਮੰਨਦੇ ਹੋਏ ਭਾਈ ਸਾਹਿਬ ਸੁਖਦੇਵ ਸਿੰਘ ਮੁੱਖ ਬੁਲਾਰਾ ਦਮਦਮੀ ਟਕਸਾਲ ਨੇ ਪਿੰਡ ਬਾਹਗੇ ਵਾਲਾ ਵਿਖੇ

# ਸਰਬਸੰਮਤੀ ਨਾਲ ਮੇਜਰ ਸਿੰਘ ਨੂੰ ਬਣਾਇਆ ਸਰਪੰਚ





ਫ਼ਿਰੋਜ਼ਪੁਰ, 29 ਸਤੰਬਰ (ਮਨੋਹਰ ਲਾਲ) :— ਸਤਿਕਾਰਯੋਗ ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਦੇ ਪਿੰਡ ਬਾਹਗੇ ਵਾਲਾ ਦੇ ਨਿਵਾਸੀਆਂ ਵੱਲੋਂ ਮੰਨਦੇ ਹੋਏ ਅਤੇ ਭਾਈ ਸਾਹਿਬ ਸੁਖਦੇਵ ਸਿੰਘ ਖਾਲਸਾ ਮੁੱਖ ਬੁਲਾਰਾ ਦਮਦਮੀ ਟਕਸਾਲ ਦੇ ਪਿੰਡ ਬਾਹਗੇ ਵਾਲਾ ਦੇ ਸਾਰੇ ਨਗਰ ਨਿਵਾਸੀਆਂ ਨੂੰ ਇਕੱਠਾ ਕੀਤਾ ਅਤੇ ਸਾਰੇ ਪਿੰਡ ਦੀ ਸਹਿਮਤੀ ਨਾਲ ਸਰਬਸੰਮਤੀ ਨਾਲ ਮੇਜਰ ਸਿੰਘ ਨੂੰ ਸਰਪੰਚ ਬਨਾਇਆ ਗਿਆ। ਇਸ ਮੌਕੇ ਤੇ ਸਾਬਕਾ ਸਰਪੰਚ ਬਸੰਤ ਸਿੰਘ, ਸਾਬਕਾ ਸਰਪੰਚ ਨਿਰਮਲ ਸਿੰਘ, ਸਾਬਕਾ ਸਰਪੰਚ ਟਹਿਲ ਸਿੰਘ ਵੀ ਹਾਜ਼ਰ ਸਨ। ਇਸ ਮੌਕੇ ਤੇ ਭਾਈ ਸਾਹਿਬ ਸੁਖਦੇਵ ਸਿੰਘ ਖਾਲਸਾ ਮੁੱਖ ਬੁਲਾਰਾ ਦਮਦਮੀ ਟਕਸਾਲ ਨੇ ਬੋਲਦਿਆਂ ਕਿਹਾ ਕਿ ਮੈਨੂੰ ਹੁਕਮ ਹੋਇਆ ਸ੍ਰੀਮਾਨ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਮੁਖੀ ਦਮਦਮੀ ਟਕਸਾਲ ਨੇ ਪਿੰਡ ਬਾਹਗੇ ਵਾਲਾ ਵਿਖੇ ਭੇਜਿਆ ਅਤੇ ਅਸੀਂ ਸਾਰੇ ਪਿੰਡ ਨੂੰ ਇਕੱਠਾ ਕੀਤਾ ਅਤੇ ਸਾਰੇ ਪਿੰਡ ਦੀ ਸਹਿਮਤੀ ਨਾਲ ਸਰਬਸੰਮਤੀ ਨਾਲ ਮੇਜਰ ਸਿੰਘ ਨੂੰ ਪਿੰਡ ਬਾਹਗੇ ਵਾਲਾ ਦਾ ਸਰਪੰਚ ਬਣਾਇਆ ਗਿਆ। ਭਾਈ ਸਾਹਿਬ ਭਾਈ ਸੁਖਦੇਵ ਸਿੰਘ ਖਾਲਸਾ ਨੇ ਕਿਹਾ ਕਿ ਲੋਕ ਭਾਰੀ ਖਰਚਿਆਂ ਤੋਂ ਬਚੋ, ਕਿਉਂਕਿ ਸਰਪੰਚੀ ਦੀ ਚੋਣ ਵਿਚ 15—20 ਲੱਖ ਰੁਪਿਆ ਖਰਚ ਹੋ ਜਾਂਦਾ ਹੈ ਅਤੇ ਪਿੰਡਾਂ ਵਾਲੇ ਸਰਬਸੰਮਤੀ ਨਾਲ ਚੋਣ ਕਰਨ।

ਆਵਾਜ਼ਿ ਕੌਮ AWAZE QAUM International Newspaper & WEB TV

ਮਾਲਵਾ ਇਲਾਕੇ ਦੇ

# ਸਾਬਕਾ ਸੈਨਿਕਾਂ ਦੀ ਹੋਈ ਇਕੱਤਰਤਾ : ਸੂਬੇਦਾਰ ਚਰਨ ਸਿੰਘ ਕੀਰਤੀ ਚੱਕਰਾ





**ਫ਼ਿਰੋਜ਼ਪੁਰ, 29 ਸਤੰਬਰ (ਮਨੋਹਰ ਲਾਲ) :—** ਸਾਬਕਾ ਸੈਨਿਕਾਂ ਨੂੰ ਦਰਪੇਸ਼ ਆ ਰਹੀਆਂ ਸਮੱਸਿਆਵਾਂ ਦੇ ਹੱਲ ਲਈ ਕਾਰਜ ਕਰਦੀ ਆ ਰਹੀ ਸੈਨਿਕ ਸੰਘਰਸ਼ ਕਮੇਟੀ ਮਾਲਵਾ ਇਲਾਕੇ ਦੀ ਹੰਗਾਮੀ ਮੀਟਿੰਗ ਫ਼ਿਰੋਜ਼ਪੁਰ ਵਿਖੇ ਹੋਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੂਬੇਦਾਰ ਚਰਨ ਸਿੰਘ ਕੀਰਤੀ ਚੱਕਰਾ ਚੇਅਰਮੈਨ ਸਾਬਕਾ ਸੈਨਿਕ ਸੰਘਰਸ਼ ਕਮੇਟੀ ਫ਼ਿਰੋਜ਼ਪੁਰ ਨੇ ਦੱਸਿਆ ਕਿ ਇਸ ਮੀਟਿੰਗ ਵਿਚ ਗੁਰਵਿੰਦਰ ਸਿੰਘ ਸ਼ਹੀਦ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ, ਜਦੋਂ ਕਿ ਵੱਡੀ ਗਿਣਤੀ ਵਿਚ ਸਾਬਕਾ ਸੈਨਿਕਾਂ ਨੇ ਇਸ ਮੀਟਿੰਗ ਵਿਚ ਸ਼ਿਰਕਤ ਕਰਕੇ ਆਪੋ—ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ 24 ਪੰਜਾਬ ਦੇ ਐਵਾਰਡ ਜੇਤੂ ਕੀਰਤੀ ਚੱਕਰ ਅਤੇ ਭਾਰੀ ਗਿਣਤੀ ਵਿਚ ਸਾਬਕਾ ਸੈਨਿਕਾਂ ਨੇ ਸ਼ਮੂਲੀਅਤ ਕੀਤੀ ਅਤੇ ਸਾਰੇ ਸੈਨਿਕਾਂ ਵੱਲੋਂ ਮਿਲ ਕੇ ਪੁਰਾਣੇ ਸਮੇਂ ਦੀਆਂ ਯਾਦਾਂ ਨੂੰ ਤਾਜ਼ਾ ਕੀਤਾ ਅਤੇ ਅੱਗੇ ਵਾਸਤੇ ਇਸ ਪ੍ਰੋਗਰਾਮ ਨੂੰ ਪੰਜਾਬ ਪੱਧਰ ਤੇ ਕਰਨ ਲਈ ਵਿਚਾਰ—ਵਟਾਂਦਰਾ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

# ਸਤ ਸਾਲਾਂ ਵਿਚ ਡੇਰਾ ਮੁਖੀ ਨੂੰ 13 ਵਾਰੀ ਪਰੋਲ/ਫਰਲੋ, ਸਿੱਖ ਬੰਦੀ ਸਿੰਘਾਂ ਨੂੰ ਕਿਉਂ ਨਹੀਂ.? ਪਰਮਜੀਤ ਸਿੰਘ



ਨਵੀਂ ਦਿੱਲੀ 29 ਸੰਤਬਰ (ਮਨਪ੍ਰੀਤ ਸਿੰਘ ਖਾਲਸਾ):– ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ, ਜੋ ਕਿ ਆਪਣੀਆਂ ਦੋ ਚੇਲਿਆਂ ਨਾਲ ਬਲਾਤਕਾਰ ਕਰਨ ਦੇ ਮਾਮਲੇ ਵਿੱਚ 20 ਸਾਲ ਦੀ ਸਜ਼ਾ ਕੱਟ ਰਿਹਾ ਹੈ, ਨੇ ਇੱਕ ਵਾਰ ਫਿਰ ਪੈਰੋਲ ਦੀ ਮੰਗ ਕੀਤੀ ਹੈ। ਪਿਛਲੇ ਮਹੀਨੇ ਹੀ ਉਸ ਨੂੰ 21 ਦਿਨਾਂ ਦੀ ਛੁੱਟੀ ਦਿੱਤੀ ਗਈ ਸੀ। ਇਸ ਵਾਰ ਉਸ ਨੇ 20 ਦਿਨਾਂ ਲਈ ਪੈਰੋਲ ਦੀ ਮੰਗ ਕੀਤੀ ਹੈ। ਰਾਜ ਸਰਕਾਰ ਨੇ ਆਦਰਸ਼ ਚੋਣ ਜ਼ਾਬਤੇ ਨੂੰ ਧਿਆਨ ਵਿੱਚ ਰੱਖਦੇ ਹੋਏ ਮੁੱਖ ਚੋਣ ਅਧਿਕਾਰੀ ਨੂੰ ਆਪਣੀ ਬੇਨਤੀ ਭੇਜ ਦਿੱਤੀ ਹੈ ਮੁੱਖ ਚੋਣ ਅਧਿਕਾਰੀ ਨੇ ਰਾਜ ਸਰਕਾਰ ਨੂੰ ਪੱਤਰ ਲਿਖ ਕੇ ਇਸ ਐਮਰਜੈਂਸੀ ਪੈਰੋਲ ਬਾਰੇ ਪੁੱਛਿਆ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਚੋਣ ਸਮੇਂ ਦੌਰਾਨ ਸਜ਼ਾਯਾਫ਼ਤਾ ਨੂੰ ਪੈਰੋਲ ’ਤੇ ਰਿਹਾਅ ਕਰਨਾ ਕਿੰਨਾ ਕੁ ਜਾਇਜ਼ ਹੈ ? ਡੇਰਾ ਮੁਖੀ ਇਸ ਸਮੇਂ ਹਰਿਆਣਾ ਦੇ ਰੋਹਤਕ ਦੀ ਸੁਨਾਰੀਆ ਜੇਲ੍ਹ ਵਿੱਚ ਬੰਦ ਹੈ। ਸਿਰਸਾ ਦੇ ਆਸ਼ਰਮ ਵਿੱਚ ਆਪਣੀਆਂ ਦੋ ਚੇਲਿਆਂ ਨਾਲ ਬਲਾਤਕਾਰ ਕਰਨ ਦੇ ਦੋਸ਼ ਵਿੱਚ ਉਹ 20 ਸਾਲ ਦੀ ਸਜ਼ਾ ਭੁਗਤ ਰਿਹਾ ਹੈ। ਜੇਲ੍ਹ ਵਿਭਾਗ ਦੇ ਅਧਿਕਾਰੀਆਂ ਨੇ ਕਿਹਾ ਕਿ ਆਮ ਹਾਲਤਾਂ ਵਿੱਚ ਪੈਰੋਲ ਮੰਗਣ ਲਈ ਕੋਈ ਕਾਰਨ ਦੱਸਣ ਦੀ ਲੋੜ ਨਹੀਂ ਹੈ। ਐਮਰਜੈਂਸੀ ਪੈਰੋਲ ਲਈ ਸਿਰਫ ਕਾਰਨ ਦੇਣਾ ਜ਼ਰੂਰੀ ਹੈ। ਰਾਮ ਰਹੀਮ ਦੀ 20 ਦਿਨਾਂ ਦੀ ਪੈਰੋਲ 2024 ਤੱਕ ਬਾਕੀ ਹੈ, ਇਸ ਲਈ ਕਾਰਨ ਦੱਸਣ ਦੀ ਲੋੜ ਨਹੀਂ ਹੈ। ਅਧਿਕਾਰੀ ਨੇ ਦੱਸਿਆ ਕਿ ਪੈਰੋਲ ਆਮ ਤੌਰ ’ਤੇ ਡਿਵੀਜ਼ਨਲ ਕਮਿਸ਼ਨਰ ਪੱਧਰ ’ਤੇ ਮਨਜ਼ੂਰ ਹੁੰਦੀ ਹੈ। ਹਾਲਾਂਕਿ ਚੋਣ ਜ਼ਾਬਤਾ ਲੱਗਣ ਕਾਰਨ ਜੇਲ੍ਹ ਵਿਭਾਗ ਨੇ ਮਾਮਲਾ ਮੁੱਖ ਚੋਣ ਅਧਿਕਾਰੀ ਨੂੰ ਭੇਜ ਦਿੱਤਾ ਹੈ। ਬਾਬਾ ਰਾਮ ਰਹੀਮ ਨੂੰ ਸਤੰਬਰ 2017 ਵਿੱਚ ਆਪਣੇ ਦੋ ਚੇਲਿਆਂ ਨਾਲ ਬਲਾਤਕਾਰ ਅਤੇ ਇੱਕ ਪੱਤਰਕਾਰ ਦੀ ਹੱਤਿਆ ਦੇ ਮਾਮਲੇ ਵਿੱਚ 20 ਸਾਲ ਦੀ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਡੇਰਾ ਮੁਖੀ ਨੂੰ ਜੇਲ੍ਹ ਗਏ ਸਿਰਫ਼ ਸੱਤ ਸਾਲ ਹੀ ਹੋਏ ਹਨ। ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੇ ਧਰਮ ਪ੍ਰਚਾਰ ਦੇ ਸਾਬਕਾ ਮੁੱਖ ਸੇਵਾਦਾਰ, ਗੁਰਬਾਣੀ ਰਿਸਰਚ ਫਾਉਂਡੇਸ਼ਨ ਅਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਸੇਵਾ ਸੋਸਾਇਟੀ ਦੇ ਚੇਅਰਮੈਨ ਪੰਥਕ ਆਗੂ ਸਰਦਾਰ ਪਰਮਜੀਤ ਸਿੰਘ ਵੀਰਜੀ ਨੇ ਕਿਹਾ ਕਿ ਸਰਕਾਰ ਦੀਆਂ ਨੀਤੀਆਂ ਸਿੱਖਾਂ ਖਿਲਾਫ ਚਲ ਰਹੀਆਂ ਹਨ ਜਿਸਦਾ ਪ੍ਰਤੱਖ ਪ੍ਰਮਾਣ ਡੇਰਾ ਮੁੱਖੀ ਨੂੰ ਬਾਰ ਬਾਰ ਫਰਲੋ/ਪਰੋਲ ਦੇਣਾ ਹੈ ਤੇ ਦੂਜੇ ਪਾਸੇ ਲੰਮੇ ਸਮੇਂ ਤੋਂ ਵੱਖ ਵੱਖ ਜੇਲ੍ਹਾਂ ਅੰਦਰ ਬੰਦ ਸਿੱਖ ਸਿਆਸੀ ਬੰਦੀ ਸਿੰਘਾਂ ਨੂੰ ਜਮਾਨਤ ਦੇਣੀ ਤਾਂ ਦੂਰ ਪਰੋਲ ਵੀ ਨਹੀਂ ਦਿੱਤੀ ਜਾ ਰਹੀ ਹੈ । ਉਨ੍ਹਾਂ ਡੇਰਾ ਮੁੱਖੀ ਨੂੰ ਪਰੋਲ ਨਾ ਦਿੱਤੇ ਜਾਣ ਦੀ ਗੱਲ ਕਰਦਿਆਂ ਕਿਹਾ ਕਿ ਸਰਕਾਰਾਂ ਨੂੰ ਸਿੱਖਾਂ ਦੇ ਹਿੱਤਾਂ ਦਾ ਖਿਆਲ ਰੱਖਣਾ ਚਾਹੀਦਾ ਹੈ ਨਾ ਕਿ ਉਨ੍ਹਾਂ ਨੂੰ ਬਾਰ ਬਾਰ ਦੇਸ਼ ਅੰਦਰ ਦੂਜੇ ਦਰਜੇ ਦੇ ਨਾਗਰਿਕ ਹੋਣ ਦਾ ਅਹਿਸਾਸ ਕਰਵਾਣਾ।

ਆਵਾਜ਼ਿ ਕੌਮ AWAZE QAUM International Newspaper & WEB TV

# ਮੇਨਕਾ ਪੱਥ ਕੇਅਰ ਲੈਬ ਵੱਲੋਂ ਸਤਲੁਜ਼ ਪ੍ਰੈਸ ਕਲੱਬ ਦੇ ਮੈਂਬਰਾਂ ਤੇ ਅਹੁਦੇਦਾਰਾਂ ਦੇ ਤਿੰਨ ਦਿਨ ਸਾਰੇ ਸਰੀਰ ਦੇ ਬਲੱਡ ਟੈਸਟ ਮੁਫਤ ਕੀਤਾ




ਫ਼ਿਰੋਜ਼ਪੁਰ, 29 ਸਤੰਬਰ (ਮਨੋਹਰ ਲਾਲ) :— ਮੇਨਕਾ ਪੱਥ ਕੇਅਰ ਡਾਇਗੋਸਟਿਕਸ ਲੈਬ ਵੱਲੋਂ ਸਤਲੁਜ਼ ਪ੍ਰੈਸ ਕਲੱਬ ਦੇ ਮੈਂਬਰਾਂ ਅਤੇ ਅਹੁਦੇਦਾਰਾਂ ਦੇ ਤਿੰਨ ਦਿਨ ਸਾਰੇ ਸਰੀਰ ਦੇ ਬਲੱਡ ਟੈਸਟ ਮੁਫਤ ਕੀਤੇ, ਜਿਸ ਵਿਚ ਪੂਰਨ ਖੂਣ ਗਣਨਾ, (ਸੀ.ਬੀ.ਸੀ., ਏਰਿਥਰੋਸਾਈਟ ਅਵਸਾਦਨ ਦਰ (ਈ.ਐਮ.ਆਰ., ਥਾਇਰਯਡ ਓਤਟੇਜਕ ਹਾਰਨ, ਟੀ.ਐਸ.ਏਚ, ਸੀਰਮ ਗੁਲੂਕੋਜ਼ ਉਪਵਾਸ, ਗਲਾਈ ਕੋਮਿਲੇਟਿਡ ਹੀਮੋਗਲੋਬਿਨ (ਜੀ.ਐਚ.ਬੀ, ਐਚ. ਬੀ.ਏ.ਐਲ.ਸੀ) ਕਿਡਨੀ ਫੰਕਸ਼ਨ (ਕੇ.ਐਫਟੀ) ਲਿਵਰ ਫੰਕਸ਼ਨ ਟੈਸਟ (ਐਲ.ਐਫ ਟੀ) ਫੈਟ ਪ੍ਰਕਾਸ਼ਕ, ਕੈਲਸੀਅਮ ਸੀਗਾ, ਆਇਰਨ ਦੀ ਘੱਟ ਜਾਣਕਾਰੀ ਤੋਂ ਇਲਾਵਾ ਹੋਰ ਵੀ ਕਈ ਟੈਸਟ ਲਾਇਨ ਕਲੱਬ ਫ਼ਿਰੋਜ਼ਪੁਰ ਅਸ਼ੀਰਵਾਦ ਦੇ ਪ੍ਰਧਾਨ ਜਤਿੰਦਰ ਮੈਨਕਾ, ਸੈਕਟਰੀ ਡਾ: ਨਿਰਮਲ ਜ਼ੋਸ਼ੀ, ਪੀ.ਆਰ.ਓ ਗੁਰਪ੍ਰੀਤ ਸਿੰਘ ਸੋਢੀ ਨੇ ਇਹ ਸਾਰਾ ਖਰਚਾ ਕਲੱਬ ਵੱਲੋਂ ਦਿੱਤਾ ਗਿਆ। ਇਸ ਮੌਕੇ ਤੇ ਲਾਇਨ ਕਲੱਬ ਫ਼ਿਰੋਜ਼ਪੁਰ ਦੇ ਪ੍ਰਧਾਨ ਜਤਿੰਦਰ ਸਿੰਘ ਮੈਨਕਾ ਨੇ ਦੱਸਿਆ ਕਿ ਮੈਨਕਾ ਪੱਥ ਕੇਅਰ ਡਾਇਗੋਸਟਿਕਸ ਲੈਬ ਜ਼ੋ ਕਿ ਸਭ ਤੋਂ ਵੱਡੀ ਲੈਬ ਹੈ, ਜ਼ੋ ਕਿ ਫ਼ਿਰੋਜ਼ਪੁਰ ਵਿਚ ਪਹਿਲੀ ਵਾਰ ਖੁਲੀ ਹੈ, ਪਹਿਲਾਂ ਅਸੀਂ ਬਲੱਡ ਦੇ ਸੈਂਪਲ ਲੈ ਕੇ ਬਾਹਰ ਭੇਜਦੇ ਸੀ ਅਤੇ ਹੁਣ ਫ਼ਿਰੋਜ਼ਪੁਰ ਵਿਚ ਹੀ ਕਰੋੜਾਂ ਰੁਪਏ ਦੀਆਂ ਮਸ਼ੀਨਾਂ ਨਾਲ ਇਹ ਟੈਸਟ ਕੀਤੇ ਜਾਂਦੇ ਹਨ। ਇਸ ਮੌਕੇ ਤੇ ਸਤਲੁਜ਼ ਪ੍ਰੈਸ ਕਲੱਬ ਪ੍ਰਧਾਨ ਗੁਰਨਾਮ ਸਿੰਘ ਗਾਮਾ ਸਿੱਧੂ ਅਤੇ ਵਿਜੈ ਸ਼ਰਮਾ ਚੇਅਰਮੈਨ ਨੇ ਕਿਹਾ ਕਿ ਅਸੀਂ ਲਾਇਨ ਕਲੱਬ ਫ਼ਿਰੋਜ਼ਪੁਰ ਅਸ਼ੀਰਵਾਦ ਦੇ ਪ੍ਰਧਾਨ ਜਤਿੰਦਰ ਮੈਨਕਾ, ਸੈਕਟਰੀ ਡਾ: ਨਿਰਮਲ ਜ਼ੋਸ਼ੀ ਅਤੇ ਪੀ.ਆਰ.ਓ ਗੁਰਪ੍ਰੀਤ ਸਿੰਘ ਸੋਢੀ ਦਾ ਤਹਿ ਦਿਲੋਂ ਧੰਨਵਾਦ ਕੀਤਾ, ਜਿਨ੍ਹਾਂ ਸਤਲੁਜ਼ ਪ੍ਰੈਸ ਕਲੱਬ ਦੇ ਅਹੁਦੇਦਾਰਾਂ, ਮੈਂਬਰਾਂ ਦਾ ਤਿੰਨ ਦਿਨ 27, 28 ਅਤੇ 29 ਸਤੰਬਰ ਸਾਰੇ ਸਰੀਰ ਦੇ ਬਲੱਡ ਟੈਸਟ ਮੁਫਤ ਕੀਤੇ। ਅਖੀਰ ਵਿਚ ਜਤਿੰਦਰ ਮੈਨਕਾ ਪ੍ਰਧਾਨ ਨੇ ਫ਼ਿਰੋਜ਼ਪੁਰ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਬਹੁਤ ਹੀ ਵਧੀਆ ਮਸ਼ੀਨਾਂ ਨਾਲ ਘੱਟ ਰੇਟ ਤੇ ਬਲੱਡ ਟੈਸਟ ਕਰਵਾਉਣ ਇਸ ਲੈਬ ਮੈਨਕਾ ਕੇਅਰ ਲੈਬ ਜ਼ੋ ਕਿ ਨਜਦੀਕ ਸਿਵਲ ਹਸਪਤਾਲ ਫ਼ਿਰੋਜ਼ਪੁਰ ਵਿਚ ਹੈ, ਪਹੁੰਚ ਕਰਨ।

ਆਵਾਜ਼ਿ ਕੌਮ AWAZE QAUM International Newspaper & WEB TV

# ਪੰਜਾਬ ’ਚ ਬੀ. ਐਸ. ਐਫ. ਤੇ ਨਸ਼ਾ ਤਸਕਰਾਂ ਵਿਚਾਲੇ ਚੱਲੀਆਂ ਤਾਬੜਤੋੜ ਗੋਲੀਆਂ

**ਫਾਜ਼ਿਲਕਾ, 29 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ’ਚ ਬੀ. ਐੱਸ. ਐੱਫ਼ ਅਤੇ ਨਸ਼ਾ ਤਸਕਰਾਂ ਵਿਚਾਲੇ ਗੋਲ਼ੀਆਂ ਚੱਲਣ ਦਾ ਮਾਮਲਾ ਸਾਹਮਣੇ ਆਇਆ ਹੈ। ਮਿਲੀ ਜਾਣਕਾਰੀ ਮੁਤਾਬਕ ਭਾਰਤ-ਪਾਕਿ ਕੌਮਾਂਤਰੀ ਸਰਹੱਦ ਨੇੜਿਓਂ ਬੀ. ਐੱਸ. ਐੱਫ਼. ਦੇ ਜਵਾਨਾਂ ਨੇ ਹੈਰੋਇਨ ਅਤੇ ਅਸਲੇ ਸਣੇ ਦੋ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਜਾਣਕਾਰੀ ਮੁਤਾਬਕ ਪਾਕਿਸਤਾਨ ਤੋਂ ਆਈ ਹੈਰੋਇਨ ਦੀ ਖੇਪ ਲੈਣ ਗਏ ਤਸਕਰਾਂ ਨੇ ਬੀ. ਐੱਸ. ਐੱਫ਼. ਜਵਾਨਾਂ ’ਤੇ ਗੋਲ਼ੀਆਂ ਚਲਾ ਦਿੱਤੀਆਂ। ਜਵਾਨਾਂ ਨੇ ਵੀ ਜਵਾਬੀ ਗੋਲ਼ੀਬਾਰੀ ਕਰਕੇ ਦੋਵਾਂ ਨੂੰ ਘੇਰ ਕੇ ਗ੍ਰਿਫ਼ਤਾਰ ਕਰ ਲਿਆ ਗਿਆ। ਦੋਵਾਂ ਤਸਕਰਾਂ ਦੀ ਨਿਸ਼ਾਨਦੇਹੀ ’ਤੇ ਹੈਰੋਇਨ ਦੇ ਪੈਕਟ ਅਤੇ ਨਜਾਇਜ਼ ਹਥਿਆਰ ਬਰਾਮਦ ਕੀਤੇ ਗਏ ਹਨ। ਬੀ. ਐੱਸ. ਐੱਫ਼. ਨੂੰ ਮੁਖਬਰ ਨੇ ਇਤਲਾਹ ਦਿੱਤੀ ਸੀ ਕਿ ਪਿੰਡ ਟਾਹਲੀਵਾਲਾ ਨੇੜੇ ਦੋ ਵਿਅਕਤੀ ਸ਼ੱਕੀ ਹਾਲਾਤ ’ਚ ਵੇਖੇ ਗਏ ਹਨ। ਇਸ ਦੇ ਬਾਅਦ ਜਵਾਨਾਂ ਨੇ ਇਤਲਾਹ ਠੋਸ ਹੋਣ ’ਤੇ ਕਾਰਵਾਈ ਕੀਤੀ ਤਾਂ ਦੋਵਾਂ ਨੂੰ ਘੇਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਬੀ. ਐੱਸ. ਐੱਫ਼. ਦੇ ਜਵਾਨਾਂ ’ਤੇ ਗੋਲ਼ੀਆਂ ਚਲਾ ਦਿੱਤੀਆਂ। ਇਸ ਦੌਰਾਨ ਬੀ. ਐੱਸ. ਐੱਫ਼. ਜਵਾਨਾਂ ਵੱਲੋਂ ਦੋ ਰਾਊਂਡ ਫਾਇਰ ਕੀਤੇ ਗਏ ਪਰ ਬੀ. ਐੱਸ. ਐੱਫ਼. ਦੇ ਜਵਾਨਾਂ ਨੇ ਦੋਵਾਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ’ਚ ਸਫ਼ਲਤਾ ਹਾਸਲ ਕੀਤੀ। ਇਨ੍ਹਾਂ ਕੋਲੋਂ ਇਕ ਪਿਸਤੌਲ, ਇਕ ਮੈਗਜ਼ੀਨ ਅਤੇ ਚਾਰ ਜ਼ਿੰਦਾ ਕਾਰਤੂਸ ਬਰਾਮਦ ਹੋਏ। ਫੜੇ ਗਏ ਨਸ਼ਾ ਤਸਕਰਾਂ ਦੀ ਸੂਚਨਾ ’ਤੇ ਬੀ. ਐੱਸ. ਐੱਫ਼. ਨੇ ਇਕ ਪੈਕਟ 550 ਗ੍ਰਾਮ ਹੈਰੋਇਨ ਵੀ ਬਰਾਮਦ ਕੀਤੀ।

### ਐਮਰਜੈਂਸੀ' ਫਿਲਮ 'ਚ ਕਟੌਤੀ ਨਹੀਂ ਕਰਾਂਗੇ, ਫਿਲਮ ਦੀ ਅਖੰਡਤਾ ਦੀ ਰੱਖਿਆ ਕਰਾਂਗੇ : ਕੰਗਨਾ ਰਣੌਤ

# ਬੰਬੇ ਅਦਾਲਤ ਅੰਦਰ ਅੱਜ ਹੋਵੇਗੀ ਮਾਮਲੇ ਦੀ ਅਗਲੀ ਸੁਣਵਾਈ

**ਨਵੀਂ ਦਿੱਲੀ 29 ਸੰਤਬਰ (ਮਨਪ੍ਰੀਤ ਸਿੰਘ ਖਾਲਸਾ)**:- ਬਾਲੀਵੁੱਡ ਅਦਾਕਾਰਾ, ਫਿਲਮਕਾਰ ਅਤੇ ਸੰਸਦ ਮੈਂਬਰ ਕੰਗਨਾ ਰਣੌਤ ਦੀ ਫਿਲਮ 'ਐਮਰਜੈਂਸੀ' ਦੀ ਰਿਲੀਜ਼ ਨੂੰ ਲੈ ਕੇ ਵਿਵਾਦ ਖਤਮ ਹੁੰਦਾ ਨਜ਼ਰ ਨਹੀਂ ਆ ਰਿਹਾ ਹੈ। ਜਿੱਥੇ ਸੈਂਸਰ ਬੋਰਡ ਨੇ ਅਦਾਲਤ 'ਚ ਸਪੱਸ਼ਟ ਕੀਤਾ ਹੈ ਕਿ ਉਹ ਬਿਨਾਂ ਕਟੌਤੀਆਂ

ਆਵਾਜ਼ਿ ਕੌਮ AWAZE QAUM International Newspaper & WEB TV

ਦੇ ਫਿਲਮ ਨੂੰ ਰਿਲੀਜ਼ ਕਰਨ ਲਈ ਹਰੀ ਝੰਡੀ ਨਹੀਂ ਦੇਵੇਗਾ, ਉਥੇ ਹੀ ਕੰਗਣਾ ਨੇ ਇਕ ਵਾਰ ਫਿਰ ਕਿਹਾ ਹੈ ਕਿ 'ਐਮਰਜੈਂਸੀ' 'ਚ ਕੋਈ ਕਟੌਤੀ ਨਹੀਂ ਕੀਤੀ ਜਾਵੇਗੀ। ਅਦਾਕਾਰਾ ਨੇ ਕਿਹਾ ਕਿ ਸੈਂਸਰ ਬੋਰਡ ਤੋਂ ਫਿਲਮ 'ਚ 13 ਕੱਟ ਲਗਾਉਣ ਦਾ ਸੁਝਾਅ ਆਇਆ ਹੈ ਪਰ ਇਹ ਸੁਝਾਅ 'ਕਾਫੀ ਅਣਉਚਿਤ' ਹਨ ਅਤੇ ਉਨ੍ਹਾਂ ਦੀ ਟੀਮ ਇਸ 'ਤੇ ਅੜੀ ਹੋਈ ਹੈ। ਐਮਰਜੈਂਸੀ' ਦੀ ਮੁੱਖ ਅਦਾਕਾਰਾ ਹੋਣ ਤੋਂ ਇਲਾਵਾ ਕੰਗਨਾ ਰਣੌਤ ਇਸ ਦੀ ਨਿਰਦੇਸ਼ਕ ਅਤੇ ਸਹਿ-ਨਿਰਮਾਤਾ ਵੀ ਹੈ। ਉਨ੍ਹਾਂ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਉਨ੍ਹਾਂ ਦੀ ਟੀਮ ਫਿਲਮ ਦੀ ਪ੍ਰਮਾਣਿਕਤਾ ਨੂੰ ਬਰਕਰਾਰ ਰੱਖਣ ਲਈ ਦ੍ਰਿੜ ਸੰਕਲਪ ਹੈ ਅਤੇ ਇਸ ਲਈ ਇਸ ਨਾਲ ਛੇੜਛਾੜ ਨਹੀਂ ਕਰੇਗੀ। ਇਸ ਫਿਲਮ 'ਚ ਉਹ ਮਰਹੂਮ ਇੰਦਰਾ ਗਾਂਧੀ ਦਾ ਕਿਰਦਾਰ ਨਿਭਾਅ ਰਹੀ ਹੈ। ਕੰਗਨਾ ਰਣੌਤ ਨੇ ਕਿਹਾ, 'ਸਾਨੂੰ ਕਟੌਤੀ ਕਰਨ ਲਈ ਸੁਝਾਅ ਮਿਲੇ ਹਨ, ਪਰ ਇਨ੍ਹਾਂ ਵਿੱਚੋਂ ਕੁਝ ਸੁਝਾਅ ਕਾਫ਼ੀ ਗਲਤ ਜਾਪਦੇ ਹਨ ਜਦਕਿ ਜ਼ਿਆਦਾਤਰ ਇਤਿਹਾਸਕਾਰਾਂ ਅਤੇ ਸਮੀਖਿਆ ਕਮੇਟੀ ਦੇ ਮੈਂਬਰਾਂ ਨੇ ਸਾਡੀ ਫਿਲਮ ਨੂੰ ਸਭ ਤੋਂ ਭਰੋਸੇਯੋਗ ਅਤੇ ਤੱਥਾਂ ਨਾਲ ਪੇਸ਼ ਕੀਤਾ ਹੈ। ਕੰਗਣਾ ਨੇ ਕਿਹਾ ਕਿ ਅਸੀਂ ਆਪਣੇ ਆਧਾਰ 'ਤੇ ਖੜ੍ਹੇ ਹਾਂ ਅਤੇ ਫਿਲਮ ਦੀ ਅਖੰਡਤਾ ਦੀ ਰੱਖਿਆ ਕਰਨ ਲਈ ਤਿਆਰ ਹਾਂ। ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਫਿਲਮ ਦਾ ਤੱਤ ਬਰਕਰਾਰ ਰਹੇ।




ਵਰਨਣਯੋਗ ਹੈ ਕਿ ਐਸਜੀਪੀਸੀ ਅਤੇ ਸ਼੍ਰੋਮਣੀ ਅਕਾਲੀ ਦਲ ਸਮੇਤ ਸਿੱਖ ਜਥੇਬੰਦੀਆਂ ਨੇ 'ਐਮਰਜੈਂਸੀ' 'ਤੇ ਇਤਰਾਜ਼ ਪ੍ਰਗਟਾਇਆ ਹੈ। ਦੋਸ਼ ਹੈ ਕਿ ਫਿਲਮ ਵਿੱਚ ਸਿੱਖ ਕੌਮ ਨੂੰ ਗਲਤ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ ਅਤੇ ਇਤਿਹਾਸਕ ਤੱਥਾਂ ਨੂੰ ਗਲਤ ਤਰੀਕੇ ਨਾਲ ਦਿਖਾਇਆ ਗਿਆ ਹੈ।ਐਸਜੀਪੀਸੀ ਵਲੋਂ ਇਸ ਨੂੰ ਪੰਜਾਬ ਅੰਦਰ ਨਾ ਲਗਣ ਦੇਣ ਦੀ ਚੇਤਾਵਨੀ ਵੀ ਦਿੱਤੀ ਗਈ ਹੈ। ਪਹਿਲਾਂ ਇਹ ਫਿਲਮ 6 ਸਤੰਬਰ ਨੂੰ ਰਿਲੀਜ਼ ਹੋਣੀ ਸੀ। ਪਰ ਸੈਂਟਰਲ ਬੋਰਡ ਆਫ ਫਿਲਮ ਸਰਟੀਫਿਕੇਸ਼ਨ (ਸੀ.ਬੀ.ਐੱਫ.ਸੀ.) ਤੋਂ ਕਲੀਅਰੈਂਸ ਸਰਟੀਫਿਕੇਟ ਨਾ ਮਿਲਣ ਕਾਰਨ ਇਹ ਅਟਕ ਗਈ ਹੈ। ਨਿਰਮਾਤਾਵਾਂ ਨੇ ਇਸ ਸਬੰਧ 'ਚ ਬਾਂਬੇ ਹਾਈ ਕੋਰਟ 'ਚ ਅਰਜ਼ੀ ਦਾਇਰ ਕੀਤੀ ਹੋਈ ਹੈ। ਇਸ ਪਟੀਸ਼ਨ 'ਤੇ ਬੀਤੇ ਇਕ ਦਿਨ ਪਹਿਲਾਂ ਅਦਾਲਤ 'ਚ ਸੁਣਵਾਈ ਹੋਈ, ਜਿੱਥੇ ਸੈਂਸਰ ਬੋਰਡ ਨੇ ਬੰਬੇ ਹਾਈ ਕੋਰਟ ਨੂੰ ਕਿਹਾ ਕਿ ਜੇਕਰ ਉਨ੍ਹਾਂ ਵੱਲੋਂ ਸੁਝਾਏ ਗਏ ਕਟੌਤੀ ਫਿਲਮ 'ਚ ਕੀਤੀ ਜਾਂਦੀ ਹੈ ਤਾਂ ਉਨ੍ਹਾਂ ਨੂੰ ਇਸ ਦੀ ਰਿਲੀਜ਼ ਲਈ ਸਰਟੀਫਿਕੇਟ ਦੇਣ 'ਚ ਕੋਈ ਇਤਰਾਜ਼ ਨਹੀਂ ਹੈ। ਜ਼ੀ ਸਟੂਡੀਓਜ਼ ਦੇ ਵਕੀਲ ਨੇ ਅਦਾਲਤ ਵਿੱਚ ਕਿਹਾ ਸੀ ਕਿ ਟੀਮ ਨੂੰ ਇਹ ਵਿਚਾਰ ਕਰਨ ਲਈ ਸਮਾਂ ਚਾਹੀਦਾ ਹੈ ਕਿ ਇਹ ਕਟੌਤੀ ਕੀਤੀ ਜਾ ਸਕਦੀ ਹੈ ਜਾਂ ਨਹੀਂ। ਮਾਮਲੇ ਦੀ ਅਗਲੀ ਸੁਣਵਾਈ ਅਜ 30 ਸਤੰਬਰ ਨੂੰ ਹੋਣੀ ਹੈ।

### ਸ਼ਹੀਦ ਬਾਬਾ ਅਵਤਾਰ ਸਿੰਘ ਕੁਰਾਲਾ ਦੇ ਪਰਿਵਾਰ ਵੱਲੋਂ

# ਪੰਜ ਸ਼ਹੀਦਾਂ ਦੇ ਪਰਿਵਾਰਾਂ ਦੀ ਸਹਾਇਤਾ



**ਅੰਮ੍ਰਿਤਸਰ, 29 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਸਿੱਖ ਪ੍ਰਚਾਰਕ ਅਤੇ ਪੰਥਕ ਲੇਖਕ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਵੱਲੋਂ ਲਿਖੀਆਂ ਤਵਾਰੀਖ਼ ਸ਼ਹੀਦ ਏ ਖ਼ਾਲਿਸਤਾਨ ਨਾਮੀ ਕਿਤਾਬਾਂ ਪੜ੍ਹ ਕੇ ਸ਼ਹੀਦ ਬਾਬਾ ਅਵਤਾਰ ਸਿੰਘ ਕੁਰਾਲਾ ਦੇ ਪਰਿਵਾਰ ਵੱਲੋਂ ਪੰਜ ਸ਼ਹੀਦਾਂ ਦੇ ਲੋੜਵੰਦ ਪਰਿਵਾਰਾਂ ਨੂੰ ਸਤਿਕਾਰ ਸਹਿਤ ਦਸ-ਦਸ ਹਜ਼ਾਰ ਰੁਪਏ ਸਹਾਇਤਾ ਦਿੱਤੀ ਗਈ। ਸ਼ਹੀਦ ਬਾਬਾ ਅਵਤਾਰ ਸਿੰਘ ਕੁਰਾਲਾ ਦੇ ਸਪੁੱਤਰ ਭਾਈ ਹਰਭਜਨ ਸਿੰਘ ਕੁਰਾਲਾ, ਪੋਤਰੇ ਭਾਈ ਤੇਜਿੰਦਰ ਸਿੰਘ ਕੁਰਾਲਾ ਅਤੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਸ਼ਹੀਦ ਭਾਈ ਰਸਾਲ ਸਿੰਘ ਆਰਫਕੇ ਦੇ ਪੁੱਤਰ ਭਾਈ ਨਿਰਮਲ ਸਿੰਘ, ਸ਼ਹੀਦ ਭਾਈ ਸਤਨਾਮ ਸਿੰਘ ਚੰਗਿਆੜਾ ਦੀ ਪੁੱਤਰੀ ਬੀਬੀ ਸੁਖਰਾਜ ਕੌਰ, ਸ਼ਹੀਦ ਭਾਈ ਅੰਮ੍ਰਿਤਪਾਲ ਸਿੰਘ ਦਲੇਰਾ ਦੇ ਪੁੱਤਰ ਭਾਈ ਹਰਪਾਲ ਸਿੰਘ, ਸ਼ਹੀਦ ਭਾਈ ਪਰਮਜੀਤ ਸਿੰਘ ਤੁਗਲਵਾਲਾ ਦੀ ਸੁਪਤਨੀ ਬੀਬੀ ਕੁਲਵਿੰਦਰ ਕੌਰ ਅਤੇ ਸ਼ਹੀਦ ਭਾਈ ਸਤਵਿੰਦਰ ਸਿੰਘ ਨਿੱਕੂ (ਖਡਿਆਲਾ ਸੈਣੀਆਂ) ਦੇ ਭਰਾ ਭਾਈ ਗੁਰਨਾਮ ਸਿੰਘ ਨੂੰ ਦਸ-ਦਸ ਹਜ਼ਾਰ ਰੁਪਏ ਨਗਦ ਰਾਸ਼ੀ ਸੌਂਪੀ। ਜ਼ਿਕਰਯੋਗ ਹੈ ਕਿ ਸ਼ਹੀਦ ਬਾਬਾ ਅਵਤਾਰ ਸਿੰਘ ਕੁਰਾਲਾ ਜੋ 13 ਅਪ੍ਰੈਲ 1978 ਨੂੰ ਸ੍ਰੀ ਅੰਮ੍ਰਿਤਸਰ 'ਚ ਵਾਪਰੇ ਨਕਲੀ ਨਿਰੰਕਾਰੀ ਕਾਂਡ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਨੂੰ ਬਹਾਲ ਕਰਵਾਉਂਦਿਆਂ ਗੋਲ਼ੀਆਂ ਵੱਜਣ ਕਾਰਨ ਸ਼ਹਾਦਤ ਦਾ ਜਾਮ ਪੀ ਗਏ ਸਨ ਜਿਸ ਤੋਂ ਬਾਅਦ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਅਗਵਾਈ 'ਚ ਸੰਘਰਸ਼ ਅਰੰਭ ਹੋ ਗਿਆ ਤੇ ਕੌਮ ਦੀ ਅਜ਼ਾਦੀ ਲਈ ਅਨੇਕਾਂ ਸਿੰਘਾਂ-ਸਿੰਘਣੀਆਂ ਨੇ ਜੂਝ ਕੇ ਸ਼ਹਾਦਤਾਂ ਦੇ ਜਾਮ ਪੀਤੇ। ਭਾਈ ਰਣਜੀਤ ਸਿੰਘ ਨੇ ਸ਼ਹੀਦ

ਆਵਾਜ਼ਿ ਕੌਮ AWAZE QAUM International Newspaper & WEB TV

ਬਾਬਾ ਅਵਤਾਰ ਸਿੰਘ ਕੁਰਾਲਾ ਦੇ ਸਪੁੱਤਰ ਭਾਈ ਹਰਭਜਨ ਸਿੰਘ ਅਤੇ ਪੋਤਰੇ ਭਾਈ ਤੇਜਿੰਦਰ ਸਿੰਘ ਦਾ ਧੰਨਵਾਦ ਕੀਤਾ ਤੇ ਉਹਨਾਂ ਨਾਲ ਸਿੱਖ ਸੰਘਰਸ਼ ਸੰਬੰਧੀ ਵਿਚਾਰਾਂ ਦੀ ਸਾਂਝ ਪਾਈ ਤੇ ਸ਼ਹੀਦਾਂ ਦੇ ਪਰਿਵਾਰਾਂ ਦੇ ਆਰਥਿਕ ਹਲਾਤਾਂ ਤੋਂ ਜਾਣੂੰ ਵੀ ਕਰਵਾਇਆ। ਸ਼ਹੀਦ ਬਾਬਾ ਅਵਤਾਰ ਸਿੰਘ ਕੁਰਾਲਾ ਦੇ ਸਪੁੱਤਰ ਭਾਈ ਹਰਭਜਨ ਸਿੰਘ ਨੇ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਵੱਲੋਂ ਲਿਖੀਆਂ ਤਵਾਰੀਖ਼ ਸ਼ਹੀਦ ਏ ਖ਼ਾਲਿਸਤਾਨ ਨਾਮੀ ਕਿਤਾਬਾਂ ਦੀ ਭਰਪੂਰ ਸ਼ਲਾਘਾ ਕੀਤੀ। ਉਹਨਾਂ ਕਿਹਾ ਕਿ ਛੋਟੀ ਉਮਰੇ ਹੀ ਭਾਈ ਰਣਜੀਤ ਸਿੰਘ ਵੱਲੋਂ ਐਨਾ ਵੱਡਾ ਇਤਿਹਾਸ ਲਿਖ ਕੇ ਕੌਮ ਦੀ ਝੋਲੀ 'ਚ ਪਾ ਦੇਣਾ ਕੋਈ ਸੌਖਾ ਕਾਰਜ ਨਹੀਂ ਹੈ, ਮਹਿਸੂਸ ਹੁੰਦਾ ਹੈ ਕਿ ਸ਼ਹੀਦਾਂ ਨੇ ਇਸ ਸੇਵਾ ਲਈ ਭਾਈ ਰਣਜੀਤ ਸਿੰਘ ਨੂੰ ਖੁਦ ਚੁਣਿਆ ਹੈ ਤੇ ਗੁਰੂ ਸਾਹਿਬ ਨੇ ਮਿਹਰ ਕਰਕੇ ਵਡਿਆਈ ਬਖ਼ਸ਼ੀ ਹੈ। ਉਹਨਾਂ ਸਰਬੱਤ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਆਪਣਾ ਪੰਥਕ ਫ਼ਰਜ਼ ਸਮਝਦਿਆਂ ਸ਼ਹੀਦਾਂ ਦੇ ਪਰਿਵਾਰਾਂ ਦੀ ਸਮਰੱਥਾ ਅਨੁਸਾਰ ਜ਼ਰੂਰ ਸਾਰ ਲੈਣ, ਇਸ ਨਾਲ ਅਸੀਂ ਸ਼ਹੀਦਾਂ ਦੀਆਂ ਖੁਸ਼ੀਆਂ ਦੇ ਪਾਤਰ ਬਣਾਂਗੇ।

# ਆਓ ਅੱਜ ਸ਼ਹੀਦਾਂ ਦੀ ਸੋਚ ਤੇ ਪਹਿਰਾ ਦੇਣ ਸੁਪਨੇ ਸਾਕਾਰ ਕਰਨ ਭਾਰਤ ਬਣਾਉਣ ਦਾ ਪ੍ਰਣ ਲਈਏ—ਪੀ.ਸੀ ਕੁਮਾਰ



**ਫ਼ਿਰੋਜ਼ਪੁਰ, 29 ਸਤੰਬਰ (ਮਨੋਹਰ ਲਾਲ)** :— ਭਾਰਤ ਦਾ ਵਘਾਦਾਰ ਨਾਗਰਿਕ ਜਨਤਾ ਦਾ ਸੇਵਕ ਸੀਨੀਅਰ ਸਿਟੀਜਨ 85 ਸਾਲਾ ਸਮਾਜ ਸੇਵਕ ਹੀ ਨਹੀਂ ਸਮਾਜ ਸੁਧਾਰਕ ਜਨਮ ਤੋਂ ਹੁਣ ਤੱਕ ਘੱਲੂਘਾਰੇ ਵਿਚ ਸਾਰੇ ਪਰਿਵਾਰ ਦੇ ਮੁਖਿਆ ਦੁਆਰਾ ਸ਼ਹੀਦੀਆਂ ਪਾ ਗਏ, ਪਰਿਵਾਰ ਨਾਲ ਸਬੰਧਤ ਨਵਾਂ ਪੈਸਾ ਨਾ ਸਰਕਾਰੋ ਨਾ ਹੱਥੇ ਅੱਡ ਕਿਸੇ ਕੋਲੋਂ ਮੰਗਣ ਬਲਕਿ ਦਿਹਾੜੀ ਟੱਪਾ ਕਰ ਆਪ ਤੇ ਆਪਣੇ ਵਰਗੇ ਦੀ ਮੱਦਦ ਕਰ ਨੌਕਰੀ ਤੇ ਮਗਰੋਂ ਅੱਜ ਤੱਕ ਸ਼ਹੀਦਾਂ ਦੀ ਸੋਚ, ਵਿਚਾਰਧਾਰਾ, ਸੁਪਨੇ ਸਾਕਾਰ ਕਰਨ ਉਨ੍ਹਾਂ ਦੇ ਸੁਪਨਿਆਂ ਦਾ ਸਮਾਜ ਦੇਸ਼ ਬਨਾਉਣ ਲਈ ਰੋਜ਼ਾਨਾ ਪੰਜਾਹ ਸਾਲ ਸਰਕਾਰੀ, ਅਰਧ ਸਰਕਾਰੀ, ਪ੍ਰਾਈਵੇਟ ਸਕੂਲਾਂ, ਹਸਪਤਾਲਾਂ, ਧਾਰਮਿਕ, ਸਮਾਜਿਕ, ਸਮਸ਼ਾਨਘਾਟ, ਅਨਾਥਆਲਿਆ, ਅੰਧ ਵਿਦਿਆਲਾ, ਗਊਸ਼ਾਲਾਵਾਂ ਵਿਚ ਵਿਚਰਦੇ ਪੀ.ਸੀ ਕੁਮਾਰ ਉੱਘੇ ਨਹੀਂ ਜ਼ੋੜਿਆਂ ਦੇ ਲੜਣ ਵਾਲੇ ਵੱਲੋਂ ਹਜ਼ਾਰਾਂ ਨਹੀਂ ਕਰੋੜਾਂ ਨੂੰ ਸ਼ਹੀਦਾਂ ਦੀ ਸੋਚ ਉਨ੍ਹਾਂ ਦੀ ਵਿਚਾਰਧਾਰਾ ਸੁਪਨੇ ਸਾਕਾਰ ਕਰਨ, ਤਨੋ, ਮਨੋ, ਧਨੋ ਕੁਰਬਾਨੀ ਦੇਣ ਦੇਸ਼ ਦੀ ਏਕਤਾ, ਅਖੰਡਤਾ ਭਾਈਚਾਰਾ ਕਾਇਮ ਕਰਨ ਹਰ ਤਰ੍ਹਾਂ ਦੀ ਕੁਰਬਾਨੀ ਕਰਨ, ਚੰਗੀ ਸੋਚ ਬੁਰਾਇਆ ਤੋਂ ਬਚਨ, ਬਜ਼ੁਰਗਾਂ ਇਸਤਰੀਆਂ, ਲੋੜਵੰਦਾਂ ਦੀ ਮੱਦਦ ਲਈ ਸਾਰੀ ਜਿੰਦਗੀ ਲਾ ਅੱਜ ਵੀ 18 ਘੰਟੇ ਰੋਜ਼ਾਨਾ ਕੰਮ ਕਰਕੇ ਹੋਏ ਅੱਜ ਸ਼ਹੀਦਾਂ ਦਾ ਸ਼ਹੀਦੀ, ਜਨਮ ਦਿਨ ਮਨਾਉਣ ਥਾਂ—ਥਾਂ ਚੌਕਾਂ ਦਾ ਨਿਰਮਾਨ ਕਰਨਾ ਹਰ ਦਫਤਰ ਵਿਚ ਫੋਟੋ ਲਗਾਉਣ ਨਾਲੋਂ ਉਨ੍ਹਾਂ ਦੀ ਸੋਚ ਉਨ੍ਹਾਂ ਦੇ ਸੁਪਨੇ ਸਾਕਾਰ ਕਰਨ ਵਾਲਿਆਂ ਦਾ ਹੋ ਰਿਹਾ ਅਨਾਦਰ ਘਰ ਸਕੂਲ, ਸਮਾਜ, ਦੇਸ਼ ਵਿਚ ਸਰਕਾਰੀ, ਅਰਧ ਸਰਕਾਰੀ, ਪ੍ਰਾਈਵੇਟ ਅਦਾਰਿਆਂ ਵਿਚ ਇਸ ਤਰ੍ਹਾਂ ਜ਼ਿਲ੍ਹਾ ਪੱਧਰ ਸਟੇਟ ਪੱਧਰ ਤੇ ਮੇਲਾ ਲੱਗਾ ਵੇਖਿਆ ਜਾ ਰਿਹਾ ਹੈ, ਜਿਵੇਂ ਪਿੰਡ ਪੱਧਰ, ਥਾਣੇ, ਤਹਿਸੀਲ, ਡਵੀਜਨ ਪੱਧਰ ਤੇ ਕਿਸੇ ਦਾ ਕੋਈ ਕੰਮ ਹੋ ਹੀ ਨਹੀਂ ਰਿਹਾ, ਬਲਕਿ ਸਾਰੀ ਜਨਤਾ ਇਨ੍ਹਾਂ ਨੇਤਾਵਾਂ ਦੀਆਂ ਕੋਠੀਆਂ ਅੱਗੇ ਸੁਭਾ ਤੋਂ ਸ਼ਾਮ ਤੱਕ ਚੱਕਰ ਕੱਢਦੇ ਨਜ਼ਰ ਆਉਂਦੇ ਹਨ, ਹੋਰ ਤਾਂ ਹੋਰ ਕਿਤੀ, ਚੰਡੀਗੜ੍ਹ ਜਾਓ ਸੈਕਟਰੀਏਟ, ਚੀਫ ਮਨਿਸਟਰੀ, ਕੈਬਨਿਟ ਸਟੇਟ ਸੈਕਟਰੀ ਪੱਧਰ ਤੇ ਇਓ ਲਗਦਾ ਸਾਰੀ ਜਨਤਾ ਹੀ ਤਨੋ, ਮਨੋ, ਦੁਨਿਆਵੀਂ ਤੌਰ ਤੇ ਹਰ ਦਾਇਰੇ ਤੋਂ ਦੁਖੀ ਦਰ—ਦਰ ਭਟਕ ਹੋਰ ਭਟਕ ਕੇ ਕੋਈ ਅਜਿਹਾ ਕਰਾਇਮ ਕਰਨ ਲਈ ਮਜ਼ਬੂਰ ਹੋ ਰਿਹਾ ਹੈ। ਜਿਸ ਨਾਲ ਪਰਿਵਾਰਾਂ, ਸਮਾਜ, ਦੇਸ਼ ਵਿਚ ਆਰਾਜਕਤਾ ਚੋਰੀ ਚਕਾਰੀ ਨਸ਼ਾ ਖੋਰੀ ਗੰਦਾ ਗਰਦੀ ਧਰਮ ਜਾਤ ਪਾਤ ਗਰੀਬੀ ਅਮੀਰੀ ਦਾ ਪਾੜ੍ਹਾ ਛੇਤੀ ਅਮੀਰ ਬਨਣ ਦੇ ਸੁਪਨੇ ਸਾਕਾਰ ਕਰਨ ਲਈ ਰੋਜ਼ਾਨਾ ਕਿੰਨੇਆਂਕੇ ਬੇਗੁਨਾਹ ਸ਼ਰੀਫ ਆਦਮੀ ਦਸ਼ਾ ਨਵਾਂ ਦੀ ਕਰਕੇ ਖਾਣ ਵਾਲੇ ਅੱਜ ਇਨ੍ਹਾਂ ਸਰਕਾਰਾਂ ਤੋਂ ਹਰ ਇਲੈਕਸ਼ਨ ਵਿਚ ਵੋਟਾਂ ਰਾਹੀਂ ਗੁੱਸਾ ਕੱਢਕੇ ਸਰਕਾਰਾਂ, ਪੰਜਾਬ ਵਿਚ ਬਦਲ ਸ਼ਾਇਦ ਕੋਈ ਚੰਗੀ ਸਰਕਾਰ ਆ ਜਾਵੇ, ਪਰ ਅੱਜ ਤੱਕ ਇਨ੍ਹਾਂ ਸ਼ਹੀਦਾਂ ਦੇ ਬੁੱਤ ਪੂਜਨ, ਫੋਟੋ ਲਗਾਉਣ, ਚੌਂਕ ਬਨਾਉਣ ਆਦਿ ਵਾਲੇ ਪਰ ਸ਼ਹੀਦਾਂ ਦੀ ਸੋਚ ਉਨ੍ਹਾਂ ਦੀ ਵਿਚਾਰਧਾਰਾ, ਸੁਪਨੇ ਸਾਕਾਰ ਸੁਪਨਿਆਂ ਦਾ ਦੇਸ਼ ਬਨਾਉਣ ਵਾਲਿਆਂ ਨੂੰ ਹਰ ਖੇਤਰ ਵਿਚ ਚਾਹੇ ਉਹ ਜ਼ਿਲ੍ਹਾ, ਸਟੇਟ, ਭਾਰਤ ਪੱਧਰ ਤੇ ਦਿੱਤੇ ਜਾਣ ਵਾਲੇ ਮਾਨ, ਸਨਮਾਨ ਜਾਂ ਫਿਰ ਸਰਕਾਰੇ—ਦਰਬਾਰੇ ਕੰਮ ਅਕਸਰ ਅਫਸਰਸ਼ਾਹੀ ਤੇ ਨਿਚਲਾ ਸਟਾਫ ਬਜ਼ੁਰਗਾਂ, ਸਮਾਜ ਸੇਵਕਾਂ, ਆਮ ਜਨਤਾ ਨੂੰ ਲੁੱਟੋਂ, ਕੁੱਟੋ, ਮਾਰ ਭਜਾਓ, ਖੱਜਲ ਖਰਾਬ ਕਰੋ ਅਕਸਰ ਦੇਖਣ ਵਿਚ ਨਹੀਂ ਕਹੀ ਸਨੀ ਨਹੀਂ ਹੱਡ ਬੀਤੀ ਖੁਦ ਇਨ੍ਹਾਂ ਹੱਥੋਂ ਅਪਮਾਨਿਤ ਹੋਇਆ ਇਨਸਾਫ ਦੀ ਮੰਗ ਕਰਦਾ ਹਾਂ।

ਆਵਾਜ਼ਿ ਕੌਮ AWAZE QAUM International Newspaper & WEB TV

# ਬੀਬੀ ਜਗੀਰ ਕੌਰ ਨੂੰ ਜਾਰੀ ਹੋਏ ਨੋਟਿਸ 'ਤੇ ਗੁਰਪ੍ਰਤਾਪ ਸਿੰਘ ਵਡਾਲਾ ਦਾ ਵੱਡਾ ਬਿਆਨ

**ਜਲੰਧਰ, 29 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਬੀਤੇ ਦਿਨੀਂ ਕੈਬਨਿਟ ਮੰਤਰੀ ਰਹਿ ਚੁੱਕੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਦੇ ਆਦੇਸ਼ਾਂ ਅਨੁਸਾਰ ਇਕ ਚਿੱਠੀ ਜਾਰੀ ਕਰ ਕੇ ਇਕ ਹਫ਼ਤੇ ਦੇ ਅੰਦਰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋ ਕੇ ਸਪੱਸ਼ਟੀਕਰਨ ਦੇਣ ਨੂੰ ਕਿਹਾ ਗਿਆ ਹੈ। ਇਹ ਸਪੱਸ਼ਟੀਕਰਨ ਉਨ੍ਹਾਂ 'ਤੇ ਆਪਣੀ ਧੀ ਦਾ ਕਤਲ ਤੇ ਰੋਮਾਂ ਦੀ ਬੇਅਦਬੀ ਕਰਨ ਦੇ ਦੋਸ਼ਾਂ ਤਹਿਤ ਮੰਗਿਆ ਗਿਆ ਹੈ। ਇਸ ਨੋਟਿਸ ਬਾਰੇ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਆਗੂਆਂ ਨੇ ਜਲੰਧਰ ਵਿਖੇ ਇਕ ਪ੍ਰੈੱਸ ਕਾਨਫਰੰਸ ਕੀਤੀ, ਜਿਸ 'ਚ ਸਾਬਕਾ ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦੀ ਸਿਰਮੌਰ ਸੰਸਥਾ ਹੈ, ਇਸ ਲਈ ਉੱਥੇ ਤੇ ਉੱਥੋਂ ਦੇ ਫ਼ੈਸਲਿਆਂ 'ਚ ਕਿਸੇ ਤਰ੍ਹਾਂ ਦੀ ਕੋਈ ਰਾਜਨੀਤੀ ਨਹੀਂ ਹੋਣੀ ਚਾਹੀਦੀ। ਉਨ੍ਹਾਂ ਕਿਹਾ ਕਿ ਕਿਸੇ ਤਰ੍ਹਾਂ ਦੇ ਸਿਆਸੀ ਦਬਾਅ ਹੇਠ ਆ ਕੇ ਅਕਾਲ ਤਖ਼ਤ ਦੇ ਫ਼ੈਸਲਿਆਂ 'ਚ ਕੋਈ ਵੀ ਪੱਖਪਾਤ ਨਹੀਂ ਹੋਣਾ ਚਾਹੀਦਾ। ਉਨ੍ਹਾਂ ਬੀਬੀ ਜਗੀਰ ਕੌਰ ਬਾਰੇ ਬੋਲਦਿਆਂ ਕਿਹਾ ਕਿ ਉਨ੍ਹਾਂ ਨੇ ਸਿੱਖਾਂ ਲਈ ਬਹੁਤ ਕੁਰਬਾਨੀਆਂ ਦਿੱਤੀਆਂ ਹਨ ਤੇ ਉਹ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਵੀ ਰਹਿ ਚੁੱਕੇ ਹਨ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਬੀਬੀ ਜਗੀਰ ਕੌਰ ਤੋਂ ਉਸ ਮਾਮਲੇ 'ਚ ਸਪੱਸ਼ਟੀਕਰਨ ਮੰਗਿਆ ਗਿਆ ਹੈ, ਜਿਸ 'ਚ ਉਨ੍ਹਾਂ ਨੂੰ ਸਾਲ 2018 'ਚ ਹੀ ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਬਰੀ ਕਰ ਦਿੱਤਾ ਗਿਆ ਸੀ, ਪਰ ਹੁਣ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਤੋਂ ਐਨ ਪਹਿਲਾਂ ਅਜਿਹਾ ਨੋਟਿਸ ਜਾਰੀ ਕਰਨਾ ਕਿਸੇ ਸਾਜ਼ਿਸ਼ ਦਾ ਹਿੱਸਾ ਲੱਗ ਰਿਹਾ ਹੈ। ਜਿਸ ਕੇਸ 'ਚ ਉਹ ਪਹਿਲਾਂ ਹੀ ਬਰੀ ਹੋ ਚੁੱਕੇ ਹਨ, ਉਸ ਮਾਮਲੇ 'ਚ ਉਨ੍ਹਾਂ ਨੂੰ 'ਕਾਤਲ' ਨਹੀਂ ਕਿਹਾ ਜਾ ਸਕਦਾ। ਉਨ੍ਹਾਂ ਨੇ ਆਪਣੀ ਧੀ ਨੂੰ ਜਨਮ ਦਿੱਤਾ, ਉਸ ਨੂੰ ਬੜੇ ਪਿਆਰ ਨਾਲ ਪਾਲਿਆ। ਅਜਿਹਾ ਕਰ ਕੇ ਉਨ੍ਹਾਂ ਨੇ ਆਪਣਾ ਮਾਂ ਹੋਣ ਦਾ ਕਰਤੱਵ ਨਿਭਾਇਆ ਹੈ।





ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243